ਸਾਂਝੀ ਸੋਚ

SANJHI SOCH

ਰੋਜ਼ਾਨਾ ਪੰਜਾਬੀ ਅਖ਼ਬਾਰ

ਪੰਜਾਬੀਅਤ ਦੀ ਸੋਚ 'ਤੇ ਪਹਿਰਾ

VOL-13 ISSUE 2550 | 9 August, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ

ਅੰਮ੍ਰਿਤਸਰ +91 81463 20009

ਪਟਿਆਲਾ +91 79735 07533

DOWNLOAD THE APP

NOW AVAILABLE ON

24x7 LIVE STREAMING

ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਟਰੰਪ ਪ੍ਰਸ਼ਾਸਨ ਦੁਆਰਾ ਗ੍ਰੀਨ ਕਾਰਡ ਅਰਜ਼ੀਆਂ ਫਰੀਜ਼ ਕਰਨਾ ਗੈਰ ਕਾਨੂੰਨੀ ਕਰਾਰ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਯੂ.ਐਸ. ਜ਼ਿਲਾ ਜੱਜ ਅਮਿਤ ਮਹਿਤਾ ਨੇ ਇਕ ਅਹਿਮ ਫੈਸਲੇ ਵਿਚ ਕਿਹਾ ਹੈ ਕਿ ਜਨਤਕ ਲਾਭਾਂ ਦੀਆਂ ਚਿੰਤਾਵਾਂ 'ਤੇ ਟਰੰਪ ਪ੍ਰਸ਼ਾਸਨ ਦੀ ਕੁਝ ਗ੍ਰੀਨ ਕਾਰਡ ਅਰਜ਼ੀਆਂ ਨੂੰ ਫਰੀਜ਼ ਕਰਨ ਦੀ ਨੀਤੀ ਗੈਰ-ਕਾਨੂੰਨੀ ਹੈ ਤੇ ਅਜਿਹਾ ਕਰਦੇ ਸਮੇ ਵਿਦੇਸ਼ ਵਿਭਾਗ ਨੇ ਕਾਂਗਰਸ ਦੁਆਰਾ ਦਿੱਤੇ ਗਏ ਅਧਿਕਾਰਾਂ ਦੀ ਸੀਮਾ ਦੀ ਉਲੰਘਣਾ ਕੀਤੀ ਹੈ।

ਜੱਜ ਮਹਿਤਾ ਨੇ ਕਿਹਾ ਕਿ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੀ ਜਨਤਕ ਚਾਰਜ ਨੀਤੀ ਨੇ ਬਲੂਮਬਰਗ ਕਾਨੂੰਨ ਦੇ ਅਨੁਸਾਰ ਵਿਅਕਤੀਗਤ ਤੌਰ 'ਤੇ ਪ੍ਰਵਾਸੀ ਵੀਜ਼ਾ ਅਰਜ਼ੀਆਂ ਦਾ ਫੈਸਲਾ ਕਰਨ ਲਈ ਕੌਂਸਲਰ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਵਾਂਝਾ ਕਰ ਦਿੱਤਾ ਹੈ। ਜੱਜ ਨੇ ਕਿਹਾ ਜਨਵਰੀ ਵਿੱਚ ਅਪਣਾਈ ਗਈ ਜਨਤਕ ਚਾਰਜ ਨੀਤੀ ਨੇ 75 ਦੇਸ਼ਾਂ ਦੇ ਬਿਨੈਕਾਰਾਂ ਲਈ ਪ੍ਰਵਾਸੀ ਵੀਜ਼ਾ ਪ੍ਰਕਿਰਿਆ ਵਿੱਚ ਦੇਰੀ ਕੀਤੀ ਹੈ, ਜੋ ਮੁੱਖ ਤੌਰ 'ਤੇ ਪਰਿਵਾਰ-ਪ੍ਰਯੋਜਿਤ ਗ੍ਰੀਨ ਕਾਰਡ ਬਿਨੈਕਾਰਾਂ ਦੇ ਨਾਲ-ਨਾਲ ਕੁਝ ਰੁਜ਼ਗਾਰ-ਅਧਾਰਤ ਬਿਨੈਕਾਰਾਂ ਨੂੰ ਪ੍ਰਭਾਵਤ ਕਰਦੀ ਹੈ। ਪ੍ਰਸ਼ਾਸਨ ਨੇ ਦਲੀਲ ਦਿੱਤੀ ਕਿ ਨੀਤੀ ਦਾ ਉਦੇਸ਼ ਉਨਾਂ ਪ੍ਰਵਾਸੀਆਂ ਨੂੰ ਵੀਜ਼ਾ ਪ੍ਰਾਪਤ ਕਰਨ ਤੋਂ ਰੋਕਣਾ ਸੀ ਜੋ ਜਨਤਕ ਲਾਭਾਂ 'ਤੇ ਨਿਰਭਰ ਹੋ ਸਕਦੇ ਹਨ। ਮਹਿਤਾ ਨੇ ਕਿਹਾ ਕਿ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ (ਆਈ ਐਨ ਏ) ਖਾਸ ਤੌਰ 'ਤੇ ਵਿਅਕਤੀਗਤ ਕੌਂਸਲਰ ਅਧਿਕਾਰੀਆਂ ਨੂੰ ਵੀਜ਼ਾ ਨਿਰਧਾਰਨ ਕਰਨ ਦਾ ਅਧਿਕਾਰ ਦਿੰਦਾ ਹੈ ਅਤੇ ਵਿਦੇਸ਼ ਸਕੱਤਰ ਨੂੰ ਇੱਕ ਸਧਾਰਨ ਨੀਤੀ ਰਾਹੀਂ ਉਨਾਂ ਫੈਸਲਿਆਂ ਨੂੰ ਪਹਿਲਾਂ ਤੋਂ ਨਿਰਧਾਰਤ ਕਰਨ ਦੀ ਆਗਿਆ ਨਹੀਂ ਦਿੰਦਾ ਹੈ।

ਆਪਣੀ ਰਾਏ ਵਿੱਚ, ਮਹਿਤਾ ਨੇ ਲਿਖਿਆ ਕਿ ਵਿਦੇਸ਼ ਵਿਭਾਗ ਵਿਅਕਤੀਗਤ ਵੀਜ਼ਾ ਅਰਜ਼ੀਆਂ ਸਬੰਧੀ ਫੈਸਲਿਆਂ ਨੂੰ ਨਿਯੰਤਰਿਤ ਕਰਕੇ ਬਿਲਕੁਲ ਉਹੀ ਕਰ ਰਿਹਾ ਸੀ ਜੋ ਆਈ ਐਨ ਏ ਮਨਾ ਕਰਦਾ ਹੈ।

ਇਹ ਮਾਮਲਾ ਬ੍ਰਾਜ਼ੀਲ ਦੇ ਨਾਗਰਿਕ ਨਿਊਟਨ ਡੀ ਮੌਰਾ ਗੋਮਜ਼ ਦੁਆਰਾ ਲਿਆਂਦਾ ਗਿਆ ਸੀ, ਜਿਸ ਦੀ ਈ ਬੀ-5 ਨਿਵੇਸ਼ਕ ਵੀਜ਼ਾ ਪ੍ਰੋਗਰਾਮ ਰਾਹੀਂ ਪ੍ਰਵਾਸੀ ਵੀਜ਼ਾ ਅਰਜ਼ੀ ਨੀਤੀ ਦੇ ਤਹਿਤ ਰੋਕ ਦਿੱਤੀ ਗਈ ਸੀ। ਉਸ ਨੇ ਦਲੀਲ ਦਿੱਤੀ ਕਿ ਵਿਦੇਸ਼ ਵਿਭਾਗ ਨੇ ਗੈਰ-ਕਾਨੂੰਨੀ ਤੌਰ 'ਤੇ ਫੈਸਲੇ ਨੂੰ ਰੋਕ ਕੇ ਅਤੇ ਸੰਘੀ ਕਾਨੂੰਨ ਦੇ ਉਲਟ ਨੀਤੀ ਅਪਣਾ ਕੇ ਪ੍ਰਸ਼ਾਸਕੀ ਪ੍ਰਕਿਰਿਆ ਐਕਟ ਦੀ ਉਲੰਘਣਾ ਕੀਤੀ ਹੈ।

# ਵਿਆਹ ਦੇ ਬੰਧਨ 'ਚ ਬੱਝੇ ਭਾਰਤੀ ਕ੍ਰਿਕਟਰ ਰਮਨਦੀਪ ਸਿੰਘ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਭਾਰਤੀ ਕ੍ਰਿਕਟਰ ਰਮਨਦੀਪ ਸਿੰਘ ਵਿਆਹ ਦੇ ਬੰਧਨ ਚ ਬੱਝ ਗਏ ਹਨ। 29 ਸਾਲਾ ਰਮਨਦੀਪ ਸਿੰਘ ਨੇ ਅਦਾਕਾਰ ਚਾਰਲੀ ਚੌਹਾਨ ਨਾਲ ਵਿਆਹ ਕਰਵਾਇਆ ਹੈ। ਇਹ ਇੱਕ ਨਿੱਜੀ ਸਮਾਗਮ ਸੀ ਜਿਸ ਵਿੱਚ ਪਰਿਵਾਰ ਦੇ ਕਰੀਬੀ ਮੈਂਬਰ ਅਤੇ ਖਾਸ ਦੋਸਤ ਹੀ ਸ਼ਾਮਲ ਹੋਏ। ਦੋਹਾਂ ਦਾ ਵਿਆਹ ਰਵਾਇਤੀ ਪੰਜਾਬੀ ਰੀਤੀ-ਰਿਵਾਜ਼ਾਂ ਨਾਲ ਹੋਇਆ।ਰਮਨਦੀਪ ਘਰੇਲੂ ਕ੍ਰਿਕਟ ਵਿੱਚ ਪੰਜਾਬ ਲਈ ਖੇਡਦੇ ਹਨ। ਉਹ ਆਈ.ਪੀ.ਐੱਲ. ਵਿੱਚ ਕੋਲਕਾਤਾ ਨਾਈਟ ਰਾਈਡਰਜ਼ ਦੀ ਟੀਮ ਦਾ ਹਿੱਸਾ ਹਨ। ਪੰਜਾਬ ਕਿੰਗਜ਼ ਦੀ ਫ੍ਰੈਂਚਾਈਜ਼ੀ ਨੇ ਰਮਨਦੀਪ ਦੇ ਵਿਆਹ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਹਨ। ਭਾਰਤੀ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੇ ਵੀ ਆਪਣੀ ਇੰਸਟਾਗ੍ਰਾਮ ਸਟੋਰੀ 'ਤੇ ਵਿਆਹ ਦੀ ਤਸਵੀਰ ਪੋਸਟ ਕੀਤੀ ਹੈ।ਆਲਰਾਊਂਡਰ ਰਮਨਦੀਪ ਸਿੰਘ ਦੀ ਉਮਰ 29 ਸਾਲ ਹੈ। ਉੱਥੇ ਹੀ ਸ਼ਿਮਲਾ ਵਿੱਚ ਜਨਮੀ ਚਾਰਲੀ ਚੌਹਾਨ 36 ਸਾਲ ਦੀ ਹੈ। ਦੋਹਾਂ ਦੀ ਉਮਰ ਵਿੱਚ 7 ਸਾਲ ਦਾ ਅੰਤਰ ਹੈ। ਚਾਰਲੀ ਨੇ 2009 ਵਿੱਚ ਐੱਮਟੀਵੀ ਰੋਡੀਜ਼ ਵਿੱਚ ਵੀ ਹਿੱਸਾ ਲਿਆ ਸੀ। ਉਹ 'ਕੈਸੀ ਯੇ ਯਾਰੀਆਂ' ਅਤੇ 'ਬੈਸਟ ਫ੍ਰੈਂਡਜ਼ ਫੌਰਐਵਰ' ਵਰਗੇ ਹਿੱਟ ਸ਼ੋਅਜ਼ ਵਿੱਚ ਕੰਮ ਕਰ ਚੁੱਕੀ ਹੈ।ਰਮਨਦੀਪ ਸਿੰਘ ਅਤੇ ਚਾਰਲੀ ਚੌਹਾਨ ਨੇ ਇੰਸਟਾਗ੍ਰਾਮ 'ਤੇ ਇੱਕ ਸਾਂਝੀ ਪੋਸਟ ਵਿੱਚ ਆਪਣੇ ਵਿਆਹ ਦੀ ਤਸਵੀਰ ਸਾਂਝੀ ਕਰਦਿਆਂ ਲਿਖਿਆ, 'ਸਾਡੇ 8 ਸਾਲ ਅਤੇ ਆਖਰਕਾਰ ਹਮੇਸ਼ਾ ਲਈ।' ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਵੀਡੀਓਜ਼ ਅਤੇ ਤਸਵੀਰਾਂ ਵਿੱਚ ਉਨ੍ਹਾਂ ਨੂੰ ਇੱਕ ਗੁਰਦੁਆਰਾ ਸਾਹਿਬ ਵਿੱਚ ਰਵਾਇਤੀ ਰੀਤੀ-ਰਿਵਾਜ਼ਾਂ ਨਾਲ ਵਿਆਹ ਕਰਵਾਉਂਦੇ ਦੇਖਿਆ ਜਾ ਸਕਦਾ ਹੈ। ਆਪਣੇ ਵਿਆਹ ਦੇ ਖਾਸ ਦਿਨ ਲਈ ਰਮਨਦੀਪ ਨੇ ਕਢਾਈ ਵਾਲੀ ਕਰੀਮ ਸ਼ੇਰਵਾਨੀ ਪਹਿਨੀ ਅਤੇ ਮਾਰੂਨ ਪੱਗ ਨਾਲ ਆਪਣਾ ਲੁੱਕ ਪੂਰਾ ਕੀਤਾ। ਕ੍ਰਿਕਟ ਅਤੇ ਮਨੋਰੰਜਨ ਇੰਡਸਟਰੀ ਨਾਲ ਜੁੜੇ ਉਨ੍ਹਾਂ ਦੇ ਦੋਸਤਾਂ, ਸ਼ੁਭਚਿੰਤਕਾਂ ਅਤੇ ਪ੍ਰਸ਼ੰਸਕਾਂ ਵੱਲੋਂ ਨਵ ਵਿਆਹੇ ਜੋੜੇ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜ਼ਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
OPEN
NOW HIRING
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ
ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ,
ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ,
ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ
ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ
ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ
ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com

Visit at: www.sanjhisoch.com

# ਮਨੁੱਖੀ ਆਭਾ ਮਿੱਥਕ ਜਾਂ ਹਕੀਕਤ?




ਮਨੁੱਖ ਦੀ ਸਭ ਤੋਂ ਵੱਡੀ ਊਰਜਾ ਉਹ ਨਹੀਂ ਜੋ ਅੱਖਾਂ ਨੂੰ ਦਿੱਸਦੀ ਹੈ, ਸਗੋਂ ਉਹ ਹੈ ਜੋ ਦੂਜਿਆਂ ਦੇ ਦਿੱਲਾਂ ਦੁਆਰਾ ਮਹਿਸੂਸ ਕੀਤੀ ਜਾਂਦੀ ਹੈ।

ਸਦੀਆਂ ਤੋਂ ਮਨੁੱਖਤਾ ਇੱਕ ਅਜਿਹੇ ਅਦਿੱਖ ਊਰਜਾ-ਖੇਤਰ ਦੀ ਧਾਰਨਾ ਨਾਲ ਪ੍ਰਭਾਵਿਤ ਹੁੰਦੀ ਰਹੀ ਹੈ ਜਿਸਨੂੰ ਮਨੁੱਖੀ ਆਭਾ ਕਿਹਾ ਜਾਂਦਾ ਹੈ। ਭਾਰਤ ਦੇ ਵੇਦਿਕ ਰਿਸ਼ੀਆਂ, ਤਿੱਬਤ ਦੇ ਬੋਧ ਭਿੱਖੂਆਂ, ਚੀਨ ਦੇ ਦਾਰਸ਼ਨਿਕਾਂ ਅਤੇ ਯੂਨਾਨ ਦੇ ਪ੍ਰਾਚੀਨ ਚਿੰਤਕਾਂ ਦਾ ਵਿਸ਼ਵਾਸ ਸੀ ਕਿ ਹਰ ਮਨੁੱਖ ਆਪਣੇ ਆਲੇ-ਦੁਆਲੇ ਇੱਕ ਅਦਿੱਖ ਸ਼ਕਤੀ ਦਾ ਪ੍ਰਸਾਰ ਕਰਦਾ ਹੈ, ਜੋ ਉਸਦੀ ਸਰੀਰਕ ਤੰਦਰੁਸਤੀ, ਭਾਵਨਾਤਮਕ ਸਥਿਤੀ ਅਤੇ ਆਤਮਿਕ ਚੇਤਨਾ ਨੂੰ ਪ੍ਰਗਟ ਕਰਦੀ ਹੈ। ਵੱਖ-ਵੱਖ ਸਭਿਆਚਾਰਾਂ ਵਿੱਚ ਸੰਤਾਂ ਅਤੇ ਮਹਾਨ ਆਤਮਾਵਾਂ ਦੇ ਚਿੱਤਰਾਂ ਵਿੱਚ ਉਨ੍ਹਾਂ ਦੇ ਸਿਰ ਦੇ ਆਲੇ-ਦੁਆਲੇ ਚਮਕਦਾ ਹੋਇਆ ਪ੍ਰਕਾਸ਼-ਮੰਡਲ ਦਰਸਾਇਆ ਜਾਂਦਾ ਹੈ, ਜੋ ਪਵਿੱਤਰਤਾ, ਗਿਆਨ ਅਤੇ ਅੰਦਰੂਨੀ ਪ੍ਰਕਾਸ਼ ਦਾ ਪ੍ਰਤੀਕ ਮੰਨਿਆ ਜਾਂਦਾ ਹੈ।ਪਰ ਅੱਜ ਦੇ ਵਿਗਿਆਨਕ ਯੁੱਗ ਵਿੱਚ ਇੱਕ ਪ੍ਰਸ਼ਨ ਅਜੇ ਵੀ ਚਰਚਾ ਅਤੇ ਚਿੰਤਨ ਦਾ ਕੇਂਦਰ ਬਣਿਆ ਹੋਇਆ ਹੈ ਕੀ ਮਨੁੱਖੀ ਆਭਾ ਇੱਕ ਅਸਲ ਹਕੀਕਤ ਹੈ ਜਾਂ ਸਿਰਫ਼ ਅਧਿਆਤਮਿਕ ਵਿਸ਼ਵਾਸ ਅਤੇ ਕਲਪਨਾ ਦਾ ਸੁੰਦਰ ਰੂਪ?ਇਸ ਦਾ ਉੱਤਰ ਨਾ ਤਾਂ ਪੂਰੀ ਤਰ੍ਹਾਂ ਹਾਂ ਵਿੱਚ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਨਾ ਵਿੱਚ। ਅਸਲ ਵਿੱਚ ਇਹ ਵਿਗਿਆਨ, ਮਨੋਵਿਗਿਆਨ ਅਤੇ ਦਰਸ਼ਨ ਸ਼ਾਸਤਰ ਦੇ ਮਿਲਾਪ ਵਿੱਚ ਲੁਕਿਆ ਹੋਇਆ ਹੈ।ਆਧੁਨਿਕ ਵਿਗਿਆਨ ਇਹ ਸਾਬਤ ਕਰ ਚੁੱਕਿਆ ਹੈ ਕਿ ਮਨੁੱਖੀ ਸਰੀਰ ਇੱਕ ਅਦਭੁੱਤ ਜੈਵ-ਬਿਜਲਈ ਅਤੇ ਜੈਵ-ਚੁੰਬਕੀ ਪ੍ਰਣਾਲੀ ਹੈ। ਸਾਡੇ ਦਿਲ ਦੀ ਹਰ ਧੜਕਣ ਬਿਜਲਈ ਸੰਕੇਤ ਪੈਦਾ ਕਰਦੀ ਹੈ, ਜਿਨ੍ਹਾਂ ਨੂੰ ਈਸੀਜੀ ਰਾਹੀਂ ਮਾਪਿਆ ਜਾਂਦਾ ਹੈ। ਇਸੇ ਤਰ੍ਹਾਂ ਦਿਮਾਗ਼ ਦੀ ਹਰ ਸੋਚ ਅਤੇ ਹਰ ਤੰਤਰਿਕ ਕਿਰਿਆ ਬਿਜਲਈ ਤਰੰਗਾਂ ਪੈਦਾ ਕਰਦੀ ਹੈ, ਜਿਨ੍ਹਾਂ ਨੂੰ ਈਈਜੀ ਨਾਲ ਦਰਜ ਕੀਤਾ ਜਾਂਦਾ ਹੈ।

ਇਹ ਬਿਜਲਈ ਗਤੀਵਿਧੀਆਂ ਬਹੁਤ ਹੀ ਕਮਜ਼ੋਰ ਚੁੰਬਕੀ ਖੇਤਰ ਵੀ ਬਣਾਉਂਦੀਆਂ ਹਨ, ਜਿਨ੍ਹਾਂ ਨੂੰ ਆਧੁਨਿਕ ਸੰਵੇਦਨਸ਼ੀਲ ਯੰਤਰ ਮਾਪ ਸਕਦੇ ਹਨ।ਪਰ ਇਹ ਮਾਪਣਯੋਗ ਜੈਵ-ਬਿਜਲਈ ਸੰਕੇਤ ਉਹ ਰੰਗ-ਬਿਰੰਗੀ ਆਭਾ ਨਹੀਂ ਹਨ ਜਿਸਦਾ ਜ਼ਿਕਰ ਅਧਿਆਤਮਿਕ ਸਾਹਿਤ ਵਿੱਚ ਮਿਲਦਾ ਹੈ। ਕਈ ਦਹਾਕਿਆਂ ਦੀ ਖੋਜ ਦੇ ਬਾਵਜੂਦ ਵਿਗਿਆਨ ਅਜੇ ਤੱਕ ਅਜਿਹਾ ਕੋਈ ਸਰਵਸੰਮਤੀ ਵਾਲਾ ਪ੍ਰਮਾਣ ਪੇਸ਼ ਨਹੀਂ ਕਰ ਸਕਿਆ ਜੋ ਮਨੁੱਖ ਦੇ ਆਲੇ-ਦੁਆਲੇ ਕਿਸੇ ਰੰਗੀਨ ਊਰਜਾ-ਖੇਤਰ ਦੀ ਮੌਜੂਦਗੀ ਨੂੰ ਸਾਬਤ ਕਰੇ। ਕਿਰਲਿਅਨ ਫੋਟੋਗ੍ਰਾਫੀ ਵਰਗੀਆਂ ਤਕਨੀਕਾਂ ਨੂੰ ਵੀ ਵਿਗਿਆਨ ਆਮ ਤੌਰ 'ਤੇ ਬਿਜਲਈ ਕੋਰੋਨਾ ਡਿਸਚਾਰਜ ਦਾ ਨਤੀਜਾ ਮੰਨਦਾ ਹੈ, ਨਾ ਕਿ ਮਨੁੱਖੀ ਆਭਾ ਦੀ ਤਸਵੀਰ।ਕੀ ਇਸਦਾ ਅਰਥ ਇਹ ਹੈ ਕਿ ਆਭਾ ਦੀ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਜਾਵੇ?

ਇੱਥੇ ਮਨੋਵਿਗਿਆਨ ਇੱਕ ਦਿਲਚਸਪ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਅਸੀਂ ਸਾਰੇ ਕਦੇ ਨਾ ਕਦੇ ਅਜਿਹੇ ਵਿਅਕਤੀਆਂ ਨੂੰ ਮਿਲੇ ਹਾਂ ਜਿਨ੍ਹਾਂ ਦੀ ਸਿਰਫ਼ ਮੌਜੂਦਗੀ ਹੀ ਸਾਡੇ ਅੰਦਰ ਵਿਸ਼ਵਾਸ, ਸ਼ਾਂਤੀ ਅਤੇ ਅਪਣੱਤ ਦੀ ਭਾਵਨਾ ਪੈਦਾ ਕਰ ਦਿੰਦੀ ਹੈ। ਦੂਜੇ ਪਾਸੇ ਕੁਝ ਲੋਕਾਂ ਦੀ ਮੌਜੂਦਗੀ ਬਿਨਾਂ ਕਿਸੇ ਸਪੱਸ਼ਟ ਕਾਰਨ ਦੇ ਬੇਚੈਨੀ ਜਾਂ ਤਣਾਅ ਦਾ ਅਹਿਸਾਸ ਕਰਵਾ ਦਿੰਦੀ ਹੈ।

ਮਨੋਵਿਗਿਆਨੀ ਦੱਸਦੇ ਹਨ ਕਿ ਸਾਡਾ ਦਿਮਾਗ਼ ਕੁਝ ਹੀ ਪਲਾਂ ਵਿੱਚ ਸਾਹਮਣੇ ਵਾਲੇ ਦੇ ਚਿਹਰੇ ਦੇ ਹਾਵ-ਭਾਵ, ਸਰੀਰਕ ਭਾਸ਼ਾ, ਅੱਖਾਂ ਦੇ ਸੰਪਰਕ, ਆਵਾਜ਼ ਦੇ ਲਹਿਜ਼ੇ, ਸਾਹ ਲੈਣ ਦੇ ਢੰਗ ਅਤੇ ਹੋਰ ਅਨੇਕਾਂ ਗੈਰ-ਮੌਖਿਕ ਸੰਕੇਤਾਂ ਦਾ ਵਿਸ਼ਲੇਸ਼ਣ ਕਰਕੇ ਉਸ ਬਾਰੇ ਇੱਕ ਪ੍ਰਭਾਵ ਬਣਾ ਲੈਂਦਾ ਹੈ। ਜਿਸਨੂੰ ਲੋਕ ਆਮ ਭਾਸ਼ਾ ਵਿੱਚ "ਕਿਸੇ ਦੀ ਆਭਾ ਮਹਿਸੂਸ ਕਰਨਾ" ਕਹਿੰਦੇ ਹਨ, ਉਹ ਸੰਭਵ ਹੈ ਕਿ ਸਾਡੇ ਅਵਚੇਤਨ ਮਨ ਦੀ ਇਹੀ ਅਸਾਧਾਰਣ ਸਮਰੱਥਾ ਹੋਵੇ।

ਭਾਵਨਾਤਮਕ ਸੰਕਰਮਣ ਬਾਰੇ ਹੋਈਆਂ ਖੋਜਾਂ ਵੀ ਇਸ ਗੱਲ ਨੂੰ ਮਜ਼ਬੂਤ ਕਰਦੀਆਂ ਹਨ। ਭਾਵਨਾਵਾਂ ਇੱਕ ਵਿਅਕਤੀ ਤੋਂ ਦੂਜੇ ਤੱਕ ਫੈਲਦੀਆਂ ਹਨ।

ਇੱਕ ਮੁਸਕਰਾਹਟ ਦੂਜੇ ਦੇ ਚਿਹਰੇ 'ਤੇ ਵੀ ਮੁਸਕਰਾਹਟ ਲਿਆ ਸਕਦੀ ਹੈ। ਸ਼ਾਂਤ ਸੁਭਾਅ ਤਣਾਅ ਘਟਾਉਂਦਾ ਹੈ। ਗੁੱਸਾ ਟਕਰਾਅ ਨੂੰ ਵੱਧਾਉਂਦਾ ਹੈ। ਆਸ਼ਾਵਾਦ ਦੂਜਿਆਂ ਵਿੱਚ ਆਤਮ-ਵਿਸ਼ਵਾਸ ਜਗਾਉਂਦਾ ਹੈ। ਇੱਕ ਵਿਅਕਤੀ ਦਾ ਭਾਵਨਾਤਮਕ ਮਾਹੌਲ ਪੂਰੇ ਪਰਿਵਾਰ, ਸਕੂਲ, ਦਫ਼ਤਰ ਜਾਂ ਸਮਾਜ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਸ ਅਰਥ ਵਿੱਚ ਮਨੁੱਖ ਨਿਸ਼ਚਿਤ ਤੌਰ 'ਤੇ ਕੁਝ ਅਦਿੱਖ ਤਰੰਗਾਂ ਪ੍ਰਸਾਰਿਤ ਕਰਦਾ ਹੈਭਾਵੇਂ ਉਹ ਰੰਗੀਨ ਪ੍ਰਕਾਸ਼ ਨਾ ਹੋਵੇ, ਪਰ ਇੱਕ ਅਜਿਹੀ ਭਾਵਨਾਤਮਕ ਊਰਜਾ ਜੋ ਦੂਜਿਆਂ ਦੇ ਜੀਵਨ 'ਤੇ ਡੂੰਘਾ ਪ੍ਰਭਾਵ ਪਾਉਂਦੀ ਹੈ।

ਫਿਰ ਇੱਕ ਹੋਰ ਮਹੱਤਵਪੂਰਨ ਸਵਾਲ ਉੱਠਦਾ ਹੈ ਕੀ ਸਾਡੀ ਆਭਾ ਜਾਂ ਨਿੱਜੀ ਊਰਜਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ?ਚਾਹੇ ਇਸ ਨੂੰ ਅਧਿਆਤਮਿਕ ਨਜ਼ਰੀਏ ਨਾਲ ਦੇਖਿਆ ਜਾਵੇ ਜਾਂ ਮਨੋਵਿਗਿਆਨਕ ਦ੍ਰਿਸ਼ਟੀ ਨਾਲ, ਜਵਾਬ ਲਗਭਗ ਇੱਕੋ ਹੀ ਹੈ। ਚੰਗੀ ਸਿਹਤ, ਰੋਜ਼ਾਨਾ ਕਸਰਤ, ਪੂਰੀ ਨੀਂਦ, ਸੰਤੁਲਿਤ ਭੋਜਨ, ਧਿਆਨ, ਸੁਚੇਤ ਜੀਵਨ-ਸ਼ੈਲੀ, ਦਇਆ, ਇਮਾਨਦਾਰੀ ਅਤੇ ਸਾਰਥਕ ਰਿਸ਼ਤੇ ਮਨੁੱਖ ਨੂੰ ਮਾਨਸਿਕ ਸਥਿਰਤਾ ਅਤੇ ਭਾਵਨਾਤਮਕ ਸੰਤੁਲਨ ਪ੍ਰਦਾਨ ਕਰਦੇ ਹਨ।

ਇਹ ਆਦਤਾਂ ਤਣਾਅ ਨੂੰ ਘੱਟਾਉਂਦੀਆਂ ਹਨ, ਦਿਮਾਗ਼ ਦੀ ਕਾਰਗੁਜ਼ਾਰੀ ਨੂੰ ਸੁਧਾਰਦੀਆਂ ਹਨ ਅਤੇ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਵਧਾਉਂਦੀਆਂ ਹਨ।ਇਸਦੇ ਉਲਟ ਲਗਾਤਾਰ ਗੁੱਸਾ, ਈਰਖਾ, ਡਰ, ਨਫ਼ਰਤ ਅਤੇ ਚਿੰਤਾ ਮਨੁੱਖ ਦੀ ਅੰਦਰੂਨੀ ਊਰਜਾ ਨੂੰ ਕਮਜ਼ੋਰ ਕਰ ਦਿੰਦੇ ਹਨ। ਇਹ ਸਿਰਫ਼ ਵਿਅਕਤੀ ਨੂੰ ਹੀ ਨਹੀਂ, ਸਗੋਂ ਉਸਦੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਹਰ ਅਧਿਆਪਕ, ਡਾਕਟਰ, ਪ੍ਰਸ਼ਾਸਕ, ਨੇਤਾ, ਮਾਪੇ ਜਾਂ ਦੋਸਤ ਆਪਣੀ ਰੋਜ਼ਾਨਾ ਦੀ ਵਰਤੋਂ ਰਾਹੀਂ ਦੂਜਿਆਂ 'ਤੇ ਇੱਕ ਅਦਿੱਖ ਛਾਪ ਛੱਡਦਾ ਹੈ।

ਇਸ ਲਈ ਭਾਵੇਂ ਵਿਗਿਆਨ ਨੇ ਅਜੇ ਤੱਕ ਰੰਗੀਨ ਆਭਾ ਦੀ ਪੁਸ਼ਟੀ ਨਹੀਂ ਕੀਤੀ, ਪਰ ਇਹ ਵਾਰ-ਵਾਰ ਸਾਬਤ ਕਰ ਚੁੱਕਿਆ ਹੈ ਕਿ ਮਨੁੱਖ ਦੇ ਵਿਚਾਰ, ਭਾਵਨਾਵਾਂ ਅਤੇ ਵਿਹਾਰ ਵਿਅਕਤੀਗਤ ਅਤੇ ਸਮਾਜਿਕ ਜੀਵਨ 'ਤੇ ਡੂੰਘਾ ਪ੍ਰਭਾਵ ਪਾਉਂਦੇ ਹਨ।

ਸ਼ਾਇਦ ਅਸੀਂ ਗਲਤ ਸਵਾਲ ਪੁੱਛ ਰਹੇ ਹਾਂ। ਆਭਾ ਦੀ ਤਸਵੀਰ ਖਿੱਚਣ ਦੀ ਬਜਾਏ ਸਾਨੂੰ ਇਹ ਸੋਚਣਾ ਚਾਹੀਦਾ ਹੈ ਕੀ ਦਇਆ ਨੂੰ ਮਾਪਿਆ ਜਾ ਸਕਦਾ ਹੈ? ਕੀ ਇਮਾਨਦਾਰੀ ਦਾ ਵਜ਼ਨ ਕੀਤਾ ਜਾ ਸਕਦਾ ਹੈ? ਕੀ ਕਰੁਣਾ ਨੂੰ ਕਿਸੇ ਯੰਤਰ ਨਾਲ ਗਿਣਿਆ ਜਾ ਸਕਦਾ ਹੈ? ਇਹ ਗੁਣ ਭਾਵੇਂ ਵਿਗਿਆਨਕ ਉਪਕਰਣਾਂ 'ਤੇ ਦਿਖਾਈ ਨਾ ਦੇਣ, ਪਰ ਇਹ ਹਰ ਰੋਜ਼ ਅਣਗਿਣਤ ਜੀਵਨਾਂ ਨੂੰ ਬਦਲਦੇ ਹਨ।ਅਸਲ ਮਨੁੱਖੀ ਆਭਾ ਸ਼ਾਇਦ ਸਰੀਰ ਦੇ ਆਲੇ-ਦੁਆਲੇ ਚਮਕਣ ਵਾਲਾ ਕੋਈ ਪ੍ਰਕਾਸ਼ ਨਹੀਂ, ਸਗੋਂ ਉਹ ਅਦਿੱਖ ਪ੍ਰਭਾਵ ਹੈ ਜੋ ਮਨੁੱਖ ਦੇ ਚਰਿੱਤਰ ਵਿਚੋਂ ਨਿਕਲਦਾ ਹੈ।ਇੱਕ ਦਇਆਲੂ ਡਾਕਟਰ ਭਰੋਸੇ ਦੀ ਆਭਾ ਫੈਲਾਉਂਦਾ ਹੈ।ਇੱਕ ਪ੍ਰੇਰਣਾਦਾਇਕ ਅਧਿਆਪਕ ਆਤਮ-ਵਿਸ਼ਵਾਸ ਜਗਾਉਂਦਾ ਹੈ। ਇੱਕ ਇਮਾਨਦਾਰ ਪ੍ਰਸ਼ਾਸਕ ਵਿਸ਼ਵਾਸ ਦੀ ਨੀਂਹ ਰੱਖਦਾ ਹੈ। ਇੱਕ ਪਿਆਰ ਕਰਨ ਵਾਲਾ ਮਾਪੇ ਸੁਰੱਖਿਆ ਦਾ ਅਹਿਸਾਸ ਦਿੰਦਾ ਹੈ। ਇੱਕ ਦੂਰਅੰਦੇਸ਼ ਨੇਤਾ ਆਸ ਅਤੇ ਹੌਸਲਾ ਪੈਦਾ ਕਰਦਾ ਹੈ।ਇਨ੍ਹਾਂ ਵਿੱਚੋਂ ਕਿਸੇ ਵੀ ਗੁਣ ਨੂੰ ਅਲੌਕਿਕ ਸ਼ਕਤੀ ਦੀ ਲੋੜ ਨਹੀਂ, ਫਿਰ ਵੀ ਇਨ੍ਹਾਂ ਦੀ ਤਾਕਤ ਅਸਾਧਾਰਣ ਹੈ।

ਮਨੁੱਖੀ ਸਭਿਆਚਾਰ ਹਮੇਸ਼ਾ ਉਹਨਾਂ ਮਹਾਨ ਵਿਅਕਤੀਆਂ ਕਰਕੇ ਅੱਗੇ ਵਧਿਆ ਹੈ ਜਿਨ੍ਹਾਂ ਦੇ ਉੱਚੇ ਚਰਿੱਤਰ ਨੇ ਦੂਜਿਆਂ ਦੇ ਜੀਵਨ ਨੂੰ ਰੌਸ਼ਨ ਕੀਤਾ। ਉਨ੍ਹਾਂ ਦੀ ਵਿਰਾਸਤ ਉਨ੍ਹਾਂ ਦੀ ਦੌਲਤ ਜਾਂ ਅਹੁਦੇ ਨਾਲ ਨਹੀਂ, ਸਗੋਂ ਉਨ੍ਹਾਂ ਵੱਲੋਂ ਛੱਡੀ ਗਈ ਸਕਾਰਾਤਮਕ ਊਰਜਾ ਨਾਲ ਜਿਉਂਦੀ ਰਹੀ।ਇਸ ਲੇਖ ਦਾ ਸਾਰ ਬਹੁਤ ਸਧਾਰਨ ਪਰ ਬਹੁਤ ਡੂੰਘਾ ਹੈ। ਅਸੀਂ ਜੋ ਵੀ ਸੋਚਦੇ ਹਾਂ, ਜੋ ਵੀ ਬੋਲਦੇ ਹਾਂ ਅਤੇ ਜੋ ਵੀ ਕਰਦੇ ਹਾਂ, ਉਹ ਸਾਡੇ ਆਲੇ-ਦੁਆਲੇ ਇੱਕ ਅਦਿੱਖ ਮਾਹੌਲ ਦੀ ਰਚਨਾ ਕਰਦਾ ਹੈ।

ਅਸੀਂ ਇਸਨੂੰ ਆਭਾ, ਭਾਵਨਾਤਮਕ ਮੌਜੂਦਗੀ ਜਾਂ ਮਨੋਵਿਗਿਆਨਕ ਪ੍ਰਭਾਵ ਜੋ ਵੀ ਨਾਮ ਦੇਈਏ, ਸੱਚਾਈ ਇਹ ਹੈ ਕਿ ਸਾਡਾ ਅੰਦਰੂਨੀ ਸੰਸਾਰ ਲਗਾਤਾਰ ਬਾਹਰੀ ਸੰਸਾਰ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ।ਇਸ ਲਈ ਮਨੁੱਖ ਦੀ ਸਭ ਤੋਂ ਪ੍ਰਕਾਸ਼ਮਾਨ ਆਭਾ ਉਹ ਨਹੀਂ ਜੋ ਅੱਖਾਂ ਨੂੰ ਚਮਕਾਏ, ਸਗੋਂ ਉਹ ਹੈ ਜੋ ਮਨਾਂ ਨੂੰ ਰੌਸ਼ਨ ਕਰੇ, ਦਿਲਾਂ ਨੂੰ ਸਕੂਨ ਦੇਵੇ ਅਤੇ ਮਨੁੱਖਤਾ ਨੂੰ ਪ੍ਰੇਰਿਤ ਕਰੇ। ਅਜਿਹੀ ਆਭਾ ਨਾ ਕਿਸੇ ਚਮਤਕਾਰ ਦੀ ਮੋਹਤਾਜ਼ ਹੈ ਅਤੇ ਨਾ ਹੀ ਕਿਸੇ ਵਿਗਿਆਨਕ ਯੰਤਰ ਦੀ। ਇਹ ਸੱਚਾਈ, ਦਇਆ, ਗਿਆਨ ਅਤੇ ਨਿਸ਼ਕਾਮ ਸੇਵਾ ਰਾਹੀਂ ਬਣਦੀ ਹੈ ਅਤੇ ਇਹੀ ਮਨੁੱਖੀ ਊਰਜਾ ਦਾ ਸਭ ਤੋਂ ਉੱਚਾ ਰੂਪ ਹੈ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਬਰੰਗ ਰੇਡੀਓ ਪਰਵਾਜ਼ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

# ਕੈਨੇਡਾ 'ਚ ਸਟੱਡੀ ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਕਰਕੇ ਅਪਰਾਧਿਕ ਗਿਰੋਹ ਫੈਲਾਅ ਰਹੇ ਨੇ ਨੈੱਟਵਰਕ: ਰਿਪੋਰਟ

**ਵਿੰਨੀਪੈੱਗ
ਸਾਂਝੀ ਸੋਚ ਬਿਊਰੋ**

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੀ ਇੱਕ ਖ਼ੁਫ਼ੀਆ ਰਿਪੋਰਟ ਨੇ ਕੈਨੇਡਾ ਦੇ ਕੌਮਾਂਤਰੀ ਵਿਦਿਆਰਥੀ ਪ੍ਰੋਗਰਾਮ ਨਾਲ ਜੁੜੇ ਇੱਕ ਚਿੰਤਾਜਨਕ ਪੱਖ ਨੂੰ ਉਜਾਗਰ ਕੀਤਾ ਹੈ। ਰਿਪੋਰਟ ਅਨੁਸਾਰ ਕੁਝ ਸੰਗਠਿਤ ਅਪਰਾਧਿਕ ਗਿਰੋਹਾਂ ਨਾਲ ਜੁੜੇ ਤੱਤ, ਵਿਦਿਆਰਥੀ ਅਤੇ ਵਰਕ ਪਰਮਿਟ ਪ੍ਰੋਗਰਾਮਾਂ ਦੀ ਦੁਰਵਰਤੋਂ ਕਰਕੇ ਕੈਨੇਡਾ ਵਿਚ ਆਪਣਾ ਨੈੱਟਵਰਕ ਫੈਲਾ ਰਹੇ ਹਨ।

ਰਿਪੋਰਟ ਵਿਚ ਦਰਜ ਅੰਕੜੇ ਧਿਆਨ ਖਿੱਚਦੇ ਹਨ। 2016 ਤੋਂ 2024 ਦਰਮਿਆਨ ਭਾਰਤੀ ਸਟੱਡੀ ਪਰਮਿਟ ਧਾਰਕਾਂ ਵਿਰੁੱਧ ਦਰਜ ਅਪਰਾਧਿਕ ਦੋਸ਼ਾਂ ਵਿਚ 8,800 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਇਕੱਲੇ 2024 ਵਿਚ 2,418 ਭਾਰਤੀ ਵਿਦਿਆਰਥੀਆਂ ਵਿਰੁੱਧ 13,040 ਅਪਰਾਧਿਕ ਦੋਸ਼ ਲਗਾਏ ਗਏ। ਹਾਲਾਂਕਿ ਉਸੇ ਸਾਲ ਕੈਨੇਡਾ ਵਿਚ ਕੁੱਲ 1,88,125 ਭਾਰਤੀ ਵਿਦਿਆਰਥੀ ਪੜ੍ਹ ਰਹੇ ਸਨ, ਜਿਸ ਦਾ ਅਰਥ ਹੈ ਕਿ ਲਗਭਗ 98.8 ਫ਼ੀਸਦੀ ਵਿਦਿਆਰਥੀਆਂ ਦਾ ਕਿਸੇ ਵੀ ਅਪਰਾਧਿਕ ਦੋਸ਼ ਨਾਲ ਕੋਈ ਸਬੰਧ ਨਹੀਂ ਸੀ।

ਇਸ ਲਈ ਅੰਕੜਿਆਂ ਦੀ ਵਿਆਖਿਆ ਕਰਦਿਆਂ ਸੰਤੁਲਿਤ ਨਜ਼ਰੀਆ ਅਪਣਾਉਣਾ ਲਾਜ਼ਮੀ ਹੈ।

ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ 2019 ਤੋਂ 2023 ਵਿਚਕਾਰ ਲਗਭਗ 4,000 ਭਾਰਤੀ ਵਿਦਿਆਰਥੀਆਂ ਵਿਰੁੱਧ 17,929 ਅਪਰਾਧਿਕ ਦੋਸ਼




ਦਰਜ ਹੋਏ, ਜਿਨ੍ਹਾਂ ਵਿਚੋਂ 4,920 ਦੋਸ਼ ਸੰਗਠਿਤ ਜਾਂ ਗੰਭੀਰ ਅਪਰਾਧਾਂ ਨਾਲ ਸਬੰਧਿਤ ਸਨ। 2024 ਦੌਰਾਨ ਭਾਰਤੀ ਨਾਗਰਿਕਾਂ ਵਿਰੁੱਧ ਜਬਰਨ ਵਸੂਲੀ ਦੇ ਮਾਮਲਿਆਂ 'ਚ 47 ਫ਼ੀਸਦੀ ਵਾਧਾ ਵੀ ਦਰਜ ਕੀਤਾ ਗਿਆ, ਜਿਸ ਨੂੰ ਜਾਂਚ ਏਜੰਸੀਆਂ ਨੇ ਬਿਸ਼ਨੋਈ ਗੈਂਗ ਦੀ ਵਧਦੀ ਸਰਗਰਮੀ ਨਾਲ ਜੋੜਿਆ ਹੈ।

ਇਹ ਤੱਥ ਨਿਸ਼ਚਿਤ ਤੌਰ 'ਤੇ ਚਿੰਤਾ ਪੈਦਾ ਕਰਦੇ ਹਨ, ਪਰ ਇਹ ਕਹਿਣਾ ਗ਼ਲਤ ਹੋਵੇਗਾ ਕਿ ਕੈਨੇਡਾ ਜਾਣ ਵਾਲਾ ਹਰ ਭਾਰਤੀ ਵਿਦਿਆਰਥੀ ਸ਼ੱਕ ਦੇ ਘੇਰੇ ਵਿਚ ਹੈ। ਹਕੀਕਤ ਇਹ ਹੈ ਕਿ ਲੱਖਾਂ ਨੌਜਵਾਨ ਉੱਚ ਸਿੱਖਿਆ, ਖੋਜ ਅਤੇ ਰੁਜ਼ਗਾਰ ਰਾਹੀਂ ਕੈਨੇਡਾ ਦੀ ਆਰਥਿਕਤਾ ਅਤੇ ਸਮਾਜ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਕੁਝ ਅਪਰਾਧਿਕ ਤੱਤਾਂ ਦੀਆਂ ਗਤੀਵਿਧੀਆਂ ਨੂੰ ਪੂਰੇ ਭਾਈਚਾਰੇ ਨਾਲ ਜੋੜਨਾ ਨਾ ਇਨਸਾਫ਼ੀ ਹੋਵੇਗੀ ਅਤੇ ਨਾ ਹੀ ਤੱਥਾਂ ਨਾਲ ਮੇਲ ਖਾਂਦਾ ਹੈ।

ਫਿਰ ਵੀ ਇਹ ਘਟਨਾਵਾਂ ਕੈਨੇਡਾ ਦੀ ਇਮੀਗ੍ਰੇਸ਼ਨ ਅਤੇ ਵਿਦਿਆਰਥੀ ਵੀਜ਼ਾ ਪ੍ਰਣਾਲੀ ਵਿਚ ਮੌਜੂਦ ਕਮਜ਼ੋਰੀਆਂ ਵੱਲ ਇਸ਼ਾਰਾ ਕਰਦੀਆਂ ਹਨ। ਵੀਜ਼ਾ ਜਾਂਚ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਨਿੱਜੀ ਕਾਲਜਾਂ ਦੀ ਜਵਾਬਦੇਹੀ ਤੈਅ ਕਰਨ ਅਤੇ ਸੰਗਠਿਤ ਅਪਰਾਧਿਕ ਗਿਰੋਹਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਲੋੜ ਪਹਿਲਾਂ ਨਾਲੋਂ ਵੱਧ ਮਹਿਸੂਸ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਭਾਰਤੀ ਵਿਦਿਆਰਥੀਆਂ ਨੂੰ ਵੀ ਆਸਾਨ ਕਮਾਈ, ਗ਼ਲਤ ਸੰਗਤ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਤੋਂ ਦੂਰ ਰਹਿਣਾ ਹੋਵੇਗਾ। ਇੱਕ ਗ਼ਲਤ ਕਦਮ ਸਿਰਫ਼ ਇੱਕ ਵਿਅਕਤੀ ਦਾ ਭਵਿੱਖ ਹੀ ਨਹੀਂ, ਸਗੋਂ ਪੂਰੇ ਭਾਰਤੀ ਵਿਦਿਆਰਥੀ ਭਾਈਚਾਰੇ ਦੀ ਸਾਖ ਨੂੰ ਵੀ ਠੇਸ ਪਹੁੰਚਾ ਸਕਦਾ ਹੈ।

ਇਸ ਲਈ ਲੋੜ ਸੰਤੁਲਿਤ ਨੀਤੀ ਦੀ ਹੈ, ਅਪਰਾਧਿਕ ਤੱਤਾਂ ਖ਼ਿਲਾਫ਼ ਸਖ਼ਤੀ ਅਤੇ ਇਮਾਨਦਾਰ ਵਿਦਿਆਰਥੀਆਂ ਲਈ ਨਿਰਪੱਖਤਾ।

ਕੈਨੇਡਾ ਦਾ ਕੌਮਾਂਤਰੀ ਸਿੱਖਿਆ ਪ੍ਰੋਗਰਾਮ ਤਦ ਹੀ ਆਪਣੀ ਭਰੋਸੇਯੋਗਤਾ ਕਾਇਮ ਰੱਖ ਸਕੇਗਾ ਜਦੋਂ ਸੁਰੱਖਿਆ ਅਤੇ ਸਿੱਖਿਆ ਦੋਵਾਂ ਨੂੰ ਇੱਕੋ ਜਿਹੀ ਤਰਜੀਹ ਦਿੱਤੀ ਜਾਵੇ।

# ਅਯੁੱਧਿਆ ਰਾਮ ਮੰਦਰ ਦਾਨ ਮਾਮਲੇ ਦੀ ਜਾਂਚ ਮੁਕੰਮਲ ਅਗਲੇ ਮਹੀਨੇ ਦਾਖ਼ਲ ਹੋਵੇਗੀ ਚਾਰਜਸ਼ੀਟ

**ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ**

ਅਯੁੱਧਿਆ ਵਿਚ ਰਾਮ ਮੰਦਰ 'ਚ ਦਾਨ ਦੇ ਕਥਿਤ ਗਬਨ ਦੇ ਮਾਮਲੇ ਦੇ ਜਾਂਚ ਇੰਚਾਰਜ ਨੇ ਕੇਸ ਦੇ ਵੱਖ-ਵੱਖ ਪਹਿਲੂਆਂ ਦੀ ਜਾਂਚ ਪੂਰੀ ਕਰ ਲਈ ਹੈ। ਇਹ ਜਾਣਕਾਰੀ ਅਯੁੱਧਿਆ ਦੇ ਸੀਨੀਅਰ ਪੁਲਿਸ ਸੁਪਰਡੈਂਟ (ਐੱਸ.ਐੱਸ.ਪੀ.) ਗੌਰਵ ਗਰੋਵਰ ਨੇ ਦਿੱਤੀ। ਐੱਸ.ਐੱਸ.ਪੀ. ਨੇ ਕਿਹਾ ਕਿ ਜਾਂਚ 90 ਦਿਨਾਂ ਵਿਚ ਪੂਰੀ ਕੀਤੀ ਜਾਣੀ ਹੈ ਅਤੇ ਅਗਲੇ ਮਹੀਨੇ ਦੇ ਅੰਤ ਤੱਕ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਜਾਣੀ ਹੈ। ਸ਼ਨਿਚਰਵਾਰ ਨੂੰ ਪੱਤਰਕਾਰਾਂ ਨਾਲ ਗੱਲ ਕਰਦਿਆਂ, ਗਰੋਵਰ ਨੇ ਕਿਹਾ ਕਿ ਐੱਸ.ਆਈ.ਟੀ. ਕੋਈ ਵੱਖਰੀ ਜਾਂਚ ਨਹੀਂ ਕਰ ਰਹੀ ਹੈ ਅਤੇ ਉੱਚ-ਪੱਧਰੀ ਜਾਂਚ ਸਲਾਹਕਾਰ ਦੀ ਭੂਮਿਕਾ ਵਿਚ ਪੁਲਿਸ ਜਾਂਚ ਨਾਲ ਤਾਲਮੇਲ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਐੱਸ.ਆਈ.ਟੀ. ਦੇ ਚੇਅਰਮੈਨ ਲਖਨਊ ਆਈ.ਜੀ.ਪੀ. ਕਿਰਨ ਐੱਸ. ਹਨ, ਜਿਨ੍ਹਾਂ ਕੋਲ ਸੀ.ਬੀ.ਆਈ. ਵਿਚ ਪੰਜ ਸਾਲ ਦਾ ਤਜ਼ਰਬਾ ਹੈ।

ਗਰੋਵਰ ਨੇ ਅੱਗੇ ਕਿਹਾ ਕਿ ਉਹ ਸਥਾਨਕ ਪੱਧਰ 'ਤੇ ਲਗਾਤਾਰ ਜਾਂਚ 'ਤੇ ਨਜ਼ਰ ਰੱਖ ਰਹੇ ਹਨ ਅਤੇ ਸਲਾਹ ਵੀ ਦੇ ਰਹੇ ਹਨ। ਮੰਦਰ ਦੇ ਸੂਤਰਾਂ ਨੇ ਦੱਸਿਆ ਕਿ ਰਾਮ ਮੰਦਰ ਵਿਚ ਦਾਨ ਦੇ ਕਥਿਤ ਗਬਨ ਵਿਚ ਹੁਣ ਤੱਕ ਕੋਈ



ਵੀ ਪ੍ਰਮੁੱਖ ਵਿਅਕਤੀ ਕਾਨੂੰਨੀ ਕਾਰਵਾਈ ਦੇ ਘੇਰੇ ਵਿਚ ਨਹੀਂ ਆਇਆ ਹੈ। ਸੂਤਰਾਂ ਨੇ ਅੱਗੇ ਕਿਹਾ ਕਿ ਇਸ ਤੋਂ ਪਹਿਲਾਂ ਐੱਸ.ਆਈ.ਟੀ. ਨੇ ਸ਼੍ਰੀ ਰਾਮ ਜਨਮਭੂਮੀ ਤੀਰਥ ਖੇਤਰ ਟਰੱਸਟ ਦੇ ਸਾਬਕਾ ਮੈਂਬਰ ਅਨਿਲ ਮਿਸ਼ਰਾ ਦੀ ਭੂਮਿਕਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ। ਅਯੁੱਧਿਆ ਦੇ ਰਾਮ ਜਨਮਭੂਮੀ ਪੁਲਿਸ ਸਟੇਸ਼ਨ ਵਿਖੇ 25 ਜੂਨ ਨੂੰ ਦਰਜ ਕੀਤੇ ਗਏ ਦਾਨ ਚੋਰੀ ਦੇ ਕੇਸ ਦੀ ਐੱਫ.ਆਈ.ਆਰ. ਦੇ ਅਨੁਸਾਰ ਪੁਲਿਸ ਨੇ ਅੱਠ ਦੋਸ਼ੀਆਂ ਨੂੰ ਜੇਲ੍ਹ ਭੇਜ ਦਿੱਤਾ ਸੀ। ਇਨ੍ਹਾਂ ਵਿਚ ਮੰਦਰ ਟਰੱਸਟ ਦੇ ਸਾਬਕਾ ਜਨਰਲ ਸਕੱਤਰ ਚੰਪਤ ਰਾਏ ਦੇ ਕਰੀਬੀ ਸਾਥੀ ਟੀਨੂੰ ਯਾਦਵ, ਗਿਣਤੀ ਇੰਚਾਰਜ ਸੁਭਾਸ਼ ਸ੍ਰੀਵਾਸਤਵ, ਰਾਮਸ਼ੰਕਰ ਮਿਸ਼ਰਾ, ਮਨੀਸ਼ ਯਾਦਵ, ਕਰੁਣੇਸ਼, ਲਵਕੁਸ਼ ਮਿਸ਼ਰਾ, ਅਨੁਕਲਪ ਅਤੇ ਅਵਿਨਾਸ਼ ਸ਼ੁਕਲਾ ਸ਼ਾਮਲ ਸਨ। ਪੁਲਿਸ ਨੇ ਸਾਰੇ ਅੱਠ ਦੋਸ਼ੀਆਂ ਨੂੰ ਰਿਮਾਂਡ 'ਤੇ ਲਿਆ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ। ਸੁਪਰੀਮ ਕੋਰਟ ਨੂੰ 27 ਜੁਲਾਈ ਨੂੰ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਸੂਚਿਤ ਕੀਤਾ ਗਿਆ ਸੀ ਕਿ ਇਸ ਨੇ ਅਯੁੱਧਿਆ ਵਿਚ ਰਾਮ ਮੰਦਰ ਵਿਚ ਦਾਨ ਦੇ ਕਥਿਤ ਗਬਨ ਦੀ ਜਾਂਚ ਲਈ ਆਈ.ਜੀ.ਪੀ. ਕਿਰਨ ਐਸ. ਦੀ ਅਗਵਾਈ ਹੇਠ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਹੈ। ਚੋਟੀ ਦੀ ਅਦਾਲਤ ਨੇ ਰਾਜ ਸਰਕਾਰ ਨੂੰ ਐੱਸ.ਆਈ.ਟੀ. ਦੇ ਪੰਜਵੇਂ ਮੈਂਬਰ ਵਜੋਂ ਇੱਕ ਫੋਰੈਂਸਿਕ ਆਡੀਟਰ ਨੂੰ ਸ਼ਾਮਲ ਕਰਨ ਲਈ ਕਿਹਾ, ਜੋ ਦੋ ਹਫ਼ਤਿਆਂ ਦੇ ਅੰਦਰ ਆਪਣੀ ਪਹਿਲੀ ਸਥਿਤੀ ਰਿਪੋਰਟ ਪੇਸ਼ ਕਰੇਗੀ।

# ਗ੍ਰੀਨ ਕਾਰਡ ਹੋਲਡਰ ਸਾਵਧਾਨ: ਅਮਰੀਕਾ ਤੋਂ ਲੰਮਾ ਸਮਾਂ ਬਾਹਰ ਰਹਿਣ ਵਾਲਿਆਂ ਨੂੰ ਏਅਰਪੋਰਟ 'ਤੇ ਹੋ ਸਕਦੀ ਹੈ ਸਖ਼ਤ ਪੁੱਛਗਿੱਛ

**ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ**

ਅਮਰੀਕਾ ਦੇ ਗ੍ਰੀਨ ਕਾਰਡ ਹੋਲਡਰਾਂ ਲਈ ਵਿਦੇਸ਼ ਯਾਤਰਾ, ਖ਼ਾਸ ਕਰਕੇ ਆਪਣੇ ਜੱਦੀ ਦੇਸ਼ ਵਿੱਚ ਲੰਮਾ ਸਮਾਂ ਰਹਿਣਾ, ਬਹੁਤ ਸੋਚ-ਸਮਝ ਕੇ ਕਰਨ ਵਾਲਾ ਮਾਮਲਾ ਹੈ। ਅੱਜਕੱਲ੍ਹ ਅਜਿਹੇ ਕਈ ਮਾਮਲਿਆਂ ਦੀ ਚਰਚਾ ਹੋ ਰਹੀ ਹੈ ਜਿੱਥੇ ਗ੍ਰੀਨ ਕਾਰਡ ਹੋਲਡਰ ਲੰਬੇ ਸਮੇਂ ਬਾਅਦ ਅਮਰੀਕਾ ਵਾਪਸ ਆਉਂਦੇ ਸਮੇਂ ਏਅਰਪੋਰਟ 'ਤੇ ਵਧੇਰੇ ਪੁੱਛਗਿੱਛ ਜਾਂ ਸੈਕੰਡਰੀ ਇੰਸਪੈਕਸ਼ਨ ਦਾ ਸਾਹਮਣਾ ਕਰ ਰਹੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਗ੍ਰੀਨ ਕਾਰਡ ਸਿਰਫ਼ ਅਮਰੀਕਾ ਆਉਣ-ਜਾਣ ਦੀ ਸਹੂਲਤ ਨਹੀਂ, ਸਗੋਂ ਅਮਰੀਕਾ ਵਿੱਚ ਪੱਕੇ ਤੌਰ 'ਤੇ ਰਹਿਣ ਦਾ ਦਰਜਾ ਹੈ। ਇਸ ਲਈ ਜੇ ਕਿਸੇ ਵਿਅਕਤੀ ਦੀ ਅਸਲ ਜ਼ਿੰਦਗੀ ਕਿਸੇ ਹੋਰ ਦੇਸ਼ ਵਿੱਚ ਨਜ਼ਰ ਆਉਂਦੀ ਹੈ ਅਤੇ ਉਹ ਅਮਰੀਕਾ ਵਿੱਚ ਸਿਰਫ਼ ਥੋੜ੍ਹੇ ਸਮੇਂ ਲਈ ਆਉਂਦਾ ਹੈ, ਤਾਂ ਅਧਿਕਾਰੀ ਇਹ ਸਵਾਲ ਉਠਾ ਸਕਦੇ ਹਨ ਕਿ ਕੀ ਉਸ ਵਿਅਕਤੀ ਨੇ ਆਪਣੀ ਅਮਰੀਕੀ ਪੱਕੀ ਰਿਹਾਇਸ਼ ਛੱਡ ਦਿੱਤੀ ਹੈ।

ਯੂਐੱਸਸੀਆਈਐੱਸ ਵੀ ਸਪੱਸ਼ਟ ਕਰਦਾ ਹੈ ਕਿ ਇੱਕ ਸਾਲ ਤੋਂ ਘੱਟ ਦੀ ਵਿਦੇਸ਼ ਯਾਤਰਾ ਵੀ ਕੁਝ ਹਾਲਾਤਾਂ ਵਿੱਚ ਪੱਕੀ ਰਿਹਾਇਸ਼ ਛੱਡਣ ਦਾ ਮੁੱਦਾ ਬਣ ਸਕਦੀ ਹੈ, ਜੇ ਵਿਅਕਤੀ ਨੇ ਅਸਲ ਰਿਹਾਇਸ਼ ਕਿਸੇ ਹੋਰ ਦੇਸ਼ ਵਿੱਚ ਬਣਾ ਲਈ ਹੋਵੇ। ਇਸ ਮਾਮਲੇ ਵਿੱਚ 180 ਦਿਨਾਂ ਦੀ ਹੱਦ ਬਹੁਤ ਮਹੱਤਵਪੂਰਨ ਹੈ। ਮੌਜੂਦਾ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਅਨੁਸਾਰ ਜੇ ਕੋਈ ਲਾਅਫੁਲ ਪਰਮਾਨੈਂਟ ਰੈਜ਼ੀਡੈਂਟ ਲਗਾਤਾਰ 180 ਦਿਨਾਂ ਤੋਂ ਵੱਧ ਅਮਰੀਕਾ ਤੋਂ ਬਾਹਰ ਰਿਹਾ ਹੈ, ਤਾਂ ਵਾਪਸੀ ਸਮੇਂ ਉਸ ਦੀ ਸਥਿਤੀ ਕਾਨੂੰਨੀ ਤੌਰ 'ਤੇ ਵੱਖਰੀ ਹੋ ਸਕਦੀ ਹੈ ਅਤੇ ਉਸ ਨੂੰ ਅਮਰੀਕਾ ਵਿੱਚ ਦਾਖਲੇ ਲਈ ਵਧੇਰੇ ਜਾਂਚ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸੀਬੀਪੀ ਦੀ ਮਈ 2026 ਵਿੱਚ ਅਪਡੇਟ ਕੀਤੀ ਜਾਣਕਾਰੀ ਵੀ ਕਹਿੰਦੀ ਹੈ ਕਿ ਛੇ ਮਹੀਨਿਆਂ ਤੋਂ ਵੱਧ ਪਰ ਇੱਕ ਸਾਲ ਤੋਂ ਘੱਟ ਸਮੇਂ ਤੱਕ ਬਾਹਰ ਰਹਿਣ ਵਾਲੇ ਗ੍ਰੀਨ ਕਾਰਡ ਹੋਲਡਰ ਨੂੰ ਵਾਪਸੀ 'ਤੇ ਵਾਧੂ ਸਵਾਲ ਪੁੱਛੇ ਜਾ ਸਕਦੇ ਹਨ। ਇਸ ਦਾ ਇਹ ਮਤਲਬ ਨਹੀਂ ਕਿ 181ਵਾਂ ਦਿਨ ਲੱਗਦਿਆਂ ਹੀ ਗ੍ਰੀਨ ਕਾਰਡ ਆਪਣੇ ਆਪ ਰੱਦ ਹੋ ਜਾਂਦਾ ਹੈ। ਇਹ ਫ਼ਰਕ ਸਮਝਣਾ ਬਹੁਤ ਜ਼ਰੂਰੀ ਹੈ। ਅਧਿਕਾਰੀ ਯਾਤਰਾ ਦੀ ਮਿਆਦ ਦੇ ਨਾਲ-ਨਾਲ ਇਹ ਵੀ ਦੇਖ ਸਕਦੇ ਹਨ ਕਿ ਵਿਅਕਤੀ ਦਾ ਅਸਲ ਘਰ ਕਿੱਥੇ ਹੈ, ਪਰਿਵਾਰ ਕਿੱਥੇ ਰਹਿੰਦਾ ਹੈ, ਅਮਰੀਕਾ ਵਿੱਚ ਨੌਕਰੀ ਜਾਂ ਕਾਰੋਬਾਰ ਹੈ ਜਾਂ ਨਹੀਂ, ਘਰ ਜਾਂ ਲੀਜ਼ ਹੈ ਜਾਂ ਨਹੀਂ, ਟੈਕਸ ਕਿਸ ਤਰ੍ਹਾਂ ਭਰੇ ਗਏ ਹਨ ਅਤੇ ਅਮਰੀਕਾ ਨਾਲ ਉਸ ਦੇ ਅਸਲ ਸਬੰਧ ਕਿੰਨੇ ਮਜ਼ਬੂਤ ਹਨ। ਯੂਐੱਸਸੀਆਈਐੱਸ ਅਨੁਸਾਰ ਮੁੱਖ ਸਵਾਲ ਵਿਅਕਤੀ ਦੀ ਅਮਰੀਕਾ ਨੂੰ ਆਪਣਾ ਸਥਾਈ ਘਰ ਬਣਾਈ ਰੱਖਣ ਦੀ ਨੀਅਤ ਨਾਲ ਜੁੜਿਆ ਹੁੰਦਾ ਹੈ। ਇਸ ਲਈ ਇੱਕ ਹੋਰ ਗੱਲ ਤੋਂ ਵੀ ਸਾਵਧਾਨ ਰਹਿਣ ਦੀ ਲੋੜ ਹੈ। ਕੁਝ ਲੋਕ ਹਰ ਪੰਜ ਜਾਂ ਛੇ ਮਹੀਨਿਆਂ ਬਾਅਦ ਕੁਝ ਹਫ਼ਤਿਆਂ ਲਈ ਅਮਰੀਕਾ ਆ ਕੇ ਫਿਰ ਆਪਣੇ ਜੱਦੀ ਦੇਸ਼ ਵਾਪਸ ਚਲੇ ਜਾਂਦੇ ਹਨ ਅਤੇ ਸਮਝਦੇ ਹਨ ਕਿ ਇਸ ਤਰ੍ਹਾਂ ਗ੍ਰੀਨ ਕਾਰਡ ਸੁਰੱਖਿਅਤ ਰਹੇਗਾ। ਪਰ ਸਿਰਫ਼ ਕੁਝ ਦਿਨਾਂ ਲਈ ਅਮਰੀਕਾ ਆ ਜਾਣਾ ਆਪਣੇ ਆਪ ਇਹ ਸਾਬਤ ਨਹੀਂ ਕਰਦਾ ਕਿ ਅਮਰੀਕਾ ਹੀ ਤੁਹਾਡੀ ਸਥਾਈ ਰਿਹਾਇਸ਼ ਹੈ। ਜੇ ਲਗਾਤਾਰ ਯਾਤਰਾ ਦਾ ਪੈਟਰਨ ਇਹ ਦਰਸਾਉਂਦਾ ਹੈ ਕਿ ਵਿਅਕਤੀ ਅਸਲ ਵਿੱਚ ਵਿਦੇਸ਼ ਵਿੱਚ ਰਹਿੰਦਾ ਹੈ, ਤਾਂ ਉਸ ਦੀ ਪੱਕੀ ਰਿਹਾਇਸ਼ ਬਾਰੇ ਸਵਾਲ ਖੜ੍ਹੇ ਹੋ ਸਕਦੇ ਹਨ। ਯੂਐੱਸਸੀਆਈਐੱਸ ਮੁਤਾਬਕ ਇੱਕ ਸਾਲ ਤੋਂ ਘੱਟ ਦੀ ਗੈਰਹਾਜ਼ਰੀ ਵਿੱਚ ਵੀ ਅਬੈਂਡਨਮੈਂਟ ਦਾ ਮੁੱਦਾ ਉੱਠ ਸਕਦਾ ਹੈ। ਜੇ ਗ੍ਰੀਨ ਕਾਰਡ ਹੋਲਡਰ ਇੱਕ ਸਾਲ ਤੋਂ ਵੱਧ ਅਮਰੀਕਾ ਤੋਂ ਬਾਹਰ ਰਹਿੰਦਾ ਹੈ ਅਤੇ ਉਸ ਕੋਲ ਵੈਧ ਰੀ-ਐਂਟਰੀ ਪਰਮਿਟ ਨਹੀਂ ਹੈ, ਤਾਂ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ। ਅਮਰੀਕੀ ਵਿਦੇਸ਼ ਵਿਭਾਗ ਅਨੁਸਾਰ ਇੱਕ ਸਾਲ ਤੋਂ ਵੱਧ ਬਾਹਰ ਰਹੇ ਪਰਮਾਨੈਂਟ ਰੈਜ਼ੀਡੈਂਟ ਨੂੰ ਕੁਝ ਹਾਲਾਤਾਂ ਵਿੱਚ ਰਿਟਰਨਿੰਗ ਰੈਜੀਡੈਂਟ, ਅਰਥਾਤ ਐੱਸਬੀ-1 ਵੀਜ਼ਾ ਲਈ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਕੋਲ ਜਾਣ ਦੀ ਲੋੜ ਪੈ ਸਕਦੀ ਹੈ।





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ
SIKH GURDWARA - SAN JOSE
ਵਿਸ਼ਾਲ ਗੁਰਮਤਿ ਸਮਾਗਮ
ਅਮਰੀਕਾ ਦੀ ਧਰਤੀ 'ਤੇ ਸਥਿਤ
SAN JOSE ਗੁਰਦੁਆਰਾ ਸਾਹਿਬ, ਕੈਲੀਫੋਰਨੀਆ ਵਿਖੇ
ਇੱਕ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ।
ਇਸ ਪਾਵਨ ਸਮਾਗਮ ਵਿੱਚ
ਭਾਈ ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲੇ
ਪਾਵਨ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ
ਸੰਗਤਾਂ ਨੂੰ ਨਿਹਾਲ ਕਰਨਗੇ।
ਸਮਾਗਮ ਦੀਆਂ ਮਿਤੀਆਂ
7 ਅਤੇ 8 ਅਗਸਤ 2026
ਸ਼ਾਮ 6:00 ਵਜੇ ਤੋਂ 9:00 ਵਜੇ ਤੱਕ
ਸਮਾਗਮ ਦੀਆਂ ਮਿਤੀਆਂ
9 ਅਗਸਤ 2026
ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਸਥਾਨ
3636 Gurdwara Avenue
San Jose, Cailforina
ਜੇ ਤੁਸੀਂ ਕੈਲੀਫੋਰਨੀਆ ਜਾਂ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਰਹਿੰਦੇ ਹੋ
ਤਾਂ ਆਪਣੇ ਪਰਿਵਾਰ ਅਤੇ ਬੱਚਿਆਂ ਸਮੇਤ ਇਸ ਪਾਵਨ ਗੁਰਮਤਿ ਸਮਾਗਮ ਵਿੱਚ ਜ਼ਰੂਰ ਪਹੁੰਚੋ
ਅਤੇ ਗੁਰਬਾਣੀ ਦੇ ਰਸ ਨਾਲ ਆਪਣਾ ਜੀਵਨ ਧੰਨ ਬਣਾਓ।
ਹੋਰ ਜਾਣਕਾਰੀ ਲਈ ਸੰਪਰਕ ਕਰੋ: +1(408) 274-9373
ਆਓ... ਗੁਰੂ ਚਰਨਾਂ ਵਿੱਚ ਸੀਸ ਨਿਵਾਈਏ, ਗੁਰਬਾਣੀ ਦਾ ਰਸ ਮਾਣੀਏ ਅਤੇ ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ਾਂ ਨਾਲ ਰੌਸ਼ਨ ਕਰੀਏ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਭਗਵੰਤ ਸਿੰਘ ਮਾਨ ਨੇ ਰਾਜਪਾਲ ਗੁਲਾਬਚੰਦ ਕਟਾਰੀਆ ਨੂੰ ਲਿਖਿਆ ਪੱਤਰ ਜਗਤਾਰ ਸਿੰਘ ਹਵਾਰਾ ਨੂੰ ਪੈਰੋਲ ਦੇਣ ਦੀ ਕੀਤੀ ਅਪੀਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਨੂੰ ਪੱਤਰ ਲਿਖਿਆ ਹੈ। ਸੀਐਮ ਮਾਨ ਨੇ ਗੁਲਾਬ ਚੰਦ ਕਟਾਰੀਆ ਨੂੰ ਲਿਖੇ ਪੱਤਰ 'ਚ ਬੇਅੰਤ ਸਿੰਘ ਹੱਤਿਆਕਾਂਡ ਵਿੱਚ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਜਗਤਾਰ ਸਿੰਘ ਹਵਾਰਾ ਨੂੰ ਮਨੁੱਖੀ ਹਮਦਰਦੀ ਦੇ ਆਧਾਰ 'ਤੇ 10 ਦਿਨਾਂ ਦੀ ਪੈਰੋਲ ਦੇਣ ਲਈ ਅਪੀਲ ਕੀਤੀ ਹੈ।ਮੁੱਖ ਮੰਤਰੀ ਨੇ ਪੱਤਰ ਵਿੱਚ ਹਵਾਰਾ ਦੀ ਬਜ਼ੁਰਗ ਮਾਤਾ ਦੀ ਵਿਗੜਦੀ ਸਿਹਤ ਦਾ ਹਵਾਲਾ ਦਿੰਦਿਆਂ ਜਲਦ ਤੋਂ ਜਲਦ ਪੈਰੋਲ ਮਨਜ਼ੂਰ ਕਰਨ ਦੀ ਜ਼ੋਰਦਾਰ ਸਿਫਾਰਸ਼ ਕੀਤੀ ਹੈ। ਮੁੱਖ ਮੰਤਰੀ ਪੱਤਰ 'ਚ ਸਪੱਸ਼ਟ ਕੀਤਾ ਹੈ ਕਿ ਹਵਾਰਾ ਦੀ ਮਾਤਾ ਜੀ ਕਾਫੀ ਬਜ਼ੁਰਗ ਹਨ ਅਤੇ ਕਈ ਗੰਭੀਰ ਸਰੀਰਕ ਬੀਮਾਰੀਆਂ ਨਾਲ ਜੂਝ ਰਹੇ ਹਨ, ਜਿਸ ਦੇ ਚਲਦਿਆਂ ਉਨ੍ਹਾਂ ਦੀ ਸਿਹਤ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਇਸ ਲਈ ਜਗਤਾਰ ਸਿੰਘ ਹਵਾਰਾ ਨੂੰ 10 ਦਿਨ ਦੀ ਪੈਰੋਲ ਦਿੱਤੀ ਜਾਣੀ ਚਾਹੀਦੀ ਹੈ। ਦੱਸ ਦਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ ਕਦਮ ਨੂੰ ਸਿਆਸੀ ਅਤੇ ਸਮਾਜਿਕ ਲਿਹਾਜ਼ ਤੋਂ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ।

# ਲਿਓਨਲ ਮੇਸੀ 'ਤੇ ਟੁੱਟਿਆ ਦੁੱਖਾਂ ਦਾ ਪਹਾੜ ਪਿਤਾ ਜਾਰਜ ਮੈਸੀ ਦਾ ਹੋਇਆ ਦਿਹਾਂਤ

ਰੋਸਾਰੀਓ
ਸਾਂਝੀ ਸੋਚ ਬਿਊਰੋ



ਫੁੱਟਬਾਲ ਦੇ ਮਹਾਨ ਖਿਡਾਰੀਆਂ ਵਿੱਚ ਸ਼ਾਮਲ ਲਿਓਨਲ ਮੈਸੀ ਦੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਮੈਸੀ ਦੇ ਪਿਤਾ ਜਾਰਜ ਮੈਸੀ ਦਾ 68 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਹੈ। ਉਹ ਲੰਬੇ ਸਮੇਂ ਤੋਂ ਬੀਮਾਰੀ ਨਾਲ ਜੂਝ ਰਹੇ ਸਨ।

ਮੀਡੀਆ ਰਿਪੋਰਟਸ ਅਨੁਸਾਰ ਅਰਜਨਟੀਨਾ ਦੇ ਰੋਸਾਰੀਓ ਸ਼ਹਿਰ ਦੇ ਇੱਕ ਹਸਪਤਾਲ ਵਿੱਚ ਉਨ੍ਹਾਂ ਨੇ ਆਖਰੀ ਸਾਹ ਲਏ। ਜੂਨ ਵਿੱਚ ਖੇਡੇ ਗਏ ਫੀਫਾ ਵਿਸ਼ਵ ਕੱਪ ਦੌਰਾਨ ਮੈਸੀ ਪਰਿਵਾਰ ਨੇ ਦੱਸਿਆ ਸੀ ਕਿ ਜਾਰਜ ਮੈਸੀ ਬੀਮਾਰ ਚੱਲ ਰਹੇ ਹਨ। ਹਾਲਾਂਕਿ ਉਨ੍ਹਾਂ ਦੀ ਬੀਮਾਰੀ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ ਗਈ ਸੀ।ਲਿਓਨਲ ਮੈਸੀ ਦੇ ਪੁਰਾਣੇ ਕਲੱਬ ਨੇਵੇਲਜ਼ ਓਲਡ ਬੁਆਇਜ਼ ਨੇ ਉਨ੍ਹਾਂ ਦੇ ਪਿਤਾ ਦੇ ਦਿਹਾਂਤ ਦੀ ਪੁਸ਼ਟੀ ਕਰ ਦਿੱਤੀ ਹੈ। ਕਲੱਬ ਨੇ ਬਿਆਨ

# ਪ੍ਰਧਾਨ ਮੰਤਰੀ ਮੋਦੀ ਨੂੰ ਮਿਲਣ ਦਿੱਲੀ ਪਹੁੰਚੇ ਸੀਐੱਮ ਯੋਗੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ ਲਈ ਰਾਸ਼ਟਰੀ ਰਾਜਧਾਨੀ ਦਿੱਲੀ ਪਹੁੰਚੇ। ਸੀਐੱਮ ਯੋਗੀ ਆਦਿੱਤਿਆਨਾਥ ਦਾ ਇਹ ਦਿੱਲੀ ਦੌਰਾ ਕਾਫੀ ਖਾਸ ਮੰਨਿਆ ਜਾ ਰਿਹਾ ਹੈ। ਦਰਅਸਲ, ਉੱਤਰ ਪ੍ਰਦੇਸ਼ ਵਿੱਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਅਜਿਹੇ ਵਿੱਚ ਯੋਗੀ ਆਦਿੱਤਿਆਨਾਥ ਦੀ ਦਿੱਲੀ ਯਾਤਰਾ ਅਤੇ ਉੱਚ ਲੀਡਰਸ਼ਿਪ ਨਾਲ ਉਨ੍ਹਾਂ ਦੀ ਮੁਲਾਕਾਤ ਨੂੰ ਸਿਆਸੀ ਤੌਰ 'ਤੇ ਅਹਿਮ ਮੰਨਿਆ ਜਾ ਰਿਹਾ ਹੈ।

ਸਿਆਸੀ ਗਲਿਆਰਿਆਂ ਵਿੱਚ ਪੀਐੱਮ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਮੁਲਾਕਾਤ ਨੂੰ ਆਗਾਮੀ ਚੋਣਾਂ ਦੀਆਂ ਤਿਆਰੀਆਂ ਅਤੇ ਪਾਰਟੀ ਦੀ ਰਣਨੀਤੀ ਦੇ ਸੰਦਰਭ ਵਿੱਚ ਦੇਖਿਆ ਜਾ ਰਿਹਾ ਹੈ। ਯੋਗੀ ਆਦਿੱਤਿਆਨਾਥ ਦੀ ਦਿੱਲੀ ਯਾਤਰਾ ਨੇ ਉੱਤਰ ਪ੍ਰਦੇਸ਼ ਦੀ ਰਾਜਨੀਤੀ ਵਿੱਚ ਚਰਚਾਵਾਂ ਨੂੰ ਵੀ ਤੇਜ਼ ਕਰ ਦਿੱਤਾ ਹੈ। ਉੱਚ ਲੀਡਰਸ਼ਿਪ ਨਾਲ ਉਨ੍ਹਾਂ ਦੀ ਬੈਠਕ ਨੂੰ ਲੈ ਕੇ ਕਈ ਤਰ੍ਹਾਂ ਦੇ ਸਿਆਸੀ ਅੰਦਾਜ਼ੇ ਲਗਾਏ ਜਾ ਰਹੇ ਹਨ।

ਹਾਲਾਂਕਿ, ਮੁਲਾਕਾਤ ਦੇ ਏਜੰਡੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਹਮਣੇ ਨਹੀਂ ਆਈ ਹੈ।ਉਮੀਦ ਹੈ ਕਿ ਮੁਲਾਕਾਤ ਵਿੱਚ ਹੋਈ ਚਰਚਾ ਦੇ ਆਧਾਰ 'ਤੇ ਆਉਣ ਵਾਲੇ ਦਿਨਾਂ ਵਿੱਚ ਯੂਪੀ ਨਾਲ ਜੁੜੇ ਕੁਝ ਅਹਿਮ ਫੈਸਲੇ ਜਾਂ ਐਲਾਨ ਸਾਹਮਣੇ ਆ ਸਕਦੇ ਹਨ। ਫਿਲਹਾਲ, ਪੀਐੱਮ ਆਵਾਸ 'ਤੇ ਹੋਈ ਇਸ ਮੀਟਿੰਗ ਨੂੰ ਲੈ ਕੇ ਅਧਿਕਾਰਤ ਬਿਆਨ ਦਾ ਇੰਤਜ਼ਾਰ ਹੈ, ਜਿਸ ਤੋਂ ਬਾਅਦ ਮੀਟਿੰਗ ਦੇ ਏਜੰਡੇ ਅਤੇ ਚਰਚਾ ਦੇ ਮੁੱਖ ਬਿੰਦੂਆਂ ਨੂੰ ਲੈ ਕੇ ਤਸਵੀਰ ਹੋਰ ਸਾਫ਼ ਹੋ ਸਕੇਗੀ।

# ਭਗਵੰਤ ਮਾਨ ਨੇ ਦਿੱਲੀ 'ਚ ਕੇਂਦਰੀ ਮੰਤਰੀ ਮਨੋਹਰ ਲਾਲ ਖੱਟੜ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਦਿੱਲੀ ਵਿਖੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟੜ ਨਾਲ ਅਹਿਮ ਮੁਲਾਕਾਤ ਕੀਤੀ ਇਸ ਦੌਰਾਨ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਸੂਬੇ ਨਾਲ ਜੁੜੇ ਕਈ ਅਹਿਮ ਮੁੱਦਿਆਂ 'ਤੇ ਸਾਰਥਕ ਚਰਚਾ ਕੀਤੀ ਗਈ।ਮਿਲੀ ਜਾਣਕਾਰੀ ਅਨੁਸਾਰ ਇਸ ਮੀਟਿੰਗ 'ਚ ਸੂਬੇ ਦੇ ਬਿਜਲੀ ਖੇਤਰ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਸਾਰਥਕ ਅਤੇ ਹਾਂ-ਪੱਖੀ ਚਰਚਾ ਹੋਈ ਅਤੇ ਝੋਨੇ ਦੀ ਲਵਾਈ ਦੇ ਸਮੇਂ ਕਿਸਾਨਾਂ ਦੀ ਵਧੀ ਹੋਈ ਬਿਜਲੀ ਮੰਗ ਨੂੰ ਪੂਰਾ ਕਰਨ ਲਈ ਵਾਧੂ ਬਿਜਲੀ ਦੀ ਉਪਲਬਧਤਾ ਯਕੀਨੀ ਬਣਾਉਣ ਨਾਲ ਜੁੜੇ ਮੁੱਦਿਆਂ 'ਤੇ ਵਿਸ਼ੇਸ਼ ਤੌਰ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਸੀ ਐਮ ਮਾਨ ਨੇ ਇਕ ਟਵੀਟ ਸਾਂਝਾ ਕਰ ਕਿਹਾ ਕਿ " ਅੱਜ ਦਿੱਲੀ ਵਿਖੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਜੀ ਨਾਲ ਇੱਕ ਅਹਿਮ ਮੁਲਾਕਾਤ ਹੋਈ, ਇਸ ਮੀਟਿੰਗ ਦੌਰਾਨ ਪੰਜਾਬ ਦੇ ਸਰਬਪੱਖੀ ਵਿਕਾਸ ਅਤੇ ਸੂਬੇ ਨਾਲ ਜੁੜੇ ਕਈ ਅਹਿਮ ਮੁੱਦਿਆਂ 'ਤੇ ਸਾਰਥਕ ਚਰਚਾ ਕੀਤੀ ਗਈ, ਪੰਜਾਬ ਦੇ ਹੱਕਾਂ ਦੀ ਡਟ ਕੇ ਪੈਰਵੀ ਕਰਨਾ ਅਤੇ ਸੂਬੇ ਨੂੰ ਮੁੜ ਤੋਂ 'ਰੰਗਲਾ ਪੰਜਾਬ' ਬਣਾਉਣਾ ਹੀ ਸਾਡੀ ਮੁੱਖ ਤਰਜੀਹ ਹੈ।ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨੇ ਵੀ ਮੁਲਾਕਾਤ ਤੋਂ ਬਾਅਦ ਇਕ ਐਕਸ ਪੋਸਟ 'ਚ ਕਿਹਾ ਕਿ "ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਦਿੱਲੀ ਸਥਿਤ ਦਫ਼ਤਰ ਵਿੱਚ ਮੁਲਾਕਾਤ ਹੋਈ।ਇਸ ਮੌਕੇ ਸੂਬੇ ਦੇ ਬਿਜਲੀ ਖੇਤਰ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਸਾਰਥਕ ਅਤੇ ਹਾਂਪੱਖੀ ਚਰਚਾ ਹੋਈ। ਸੂਬੇ ਦੀਆਂ ਵੰਡ ਕੰਪਨੀਆਂ (ਡਿਸਕੌਮਜ਼) ਦੀ ਵਿੱਤੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਅਤੇ ਝੋਨੇ ਦੀ ਲਵਾਈ ਦੇ ਸਮੇਂ ਕਿਸਾਨਾਂ ਦੀ ਵਧੀ ਹੋਈ ਬਿਜਲੀ ਮੰਗ ਨੂੰ ਪੂਰਾ ਕਰਨ ਲਈ ਵਾਧੂ ਬਿਜਲੀ ਦੀ ਉਪਲਬਧਤਾ ਯਕੀਨੀ ਬਣਾਉਣ ਨਾਲ ਜੁੜੇ ਮੁੱਦਿਆਂ 'ਤੇ ਵਿਸ਼ੇਸ਼ ਤੌਰ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। "




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222




# ਗੁਰਦੁਆਰਾ ਸਾਹਿਬ San Jose
## ਕੈਲੀਫੋਰਨੀਆ (USA)

## ਅਗਸਤ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**2 ਅਗਸਤ 2026 (ਐਤਵਾਰ)**
ਸਵੇਰੇ 11:30 AM – 12:30 PM
ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਜੀ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਵੱਲੋਂ ਵਿਸ਼ੇਸ਼ ਗੁਰਬਾਣੀ ਕੀਰਤਨ

**7 ਅਗਸਤ 2026**
ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ
ਸਵੇਰ ਦੇ ਦੀਵਾਨ : 10:40 AM ਤੱਕ ਸ਼ਾਮ ਦੇ ਦੀਵਾਨ : 8:45 PM ਤੱਕ
**ਕੀਰਤਨ • ਕਥਾ • ਗੁਰਮਤਿ ਵੀਚਾਰ**

**22 ਅਗਸਤ 2026 (ਸ਼ਨੀਵਾਰ)**
7ਵੀਂ ਸਾਲਾਨਾ Sikh Heritage NightPayPal Park, San Jose
ਸਮਾਂ: 7:30 PM
San Jose Earthquakes vs Minnesota United FC
ਟਿਕਟ: $42 (ਫ੍ਰੀ ਬੈਗ ਸਮੇਤ)

**ਵਿਸ਼ਾਲ ਗੁਰਮਤਿ ਸਮਾਗਮ**
ਹਜ਼ੂਰੀ: ਭਾਈ ਰਣਜੀਤ ਸਿੰਘ ਜੀ ਖਾਲਸਾ (ਢੱਡਰੀਆਂ ਵਾਲੇ)
ਮਿਤੀਆਂ ਤੇ ਸਮਾਂ:-
7 & 8 ਅਗਸਤ 2026 ਸ਼ਾਮ 6:00 PM – 9:00 PM
9 ਅਗਸਤ 2026 ਸਵੇਰੇ 11:00 AM – 2:00 PM













**Address : 3636 Gurdwara Ave, San Jose, CA, 95148**
www.sanjosegurdwara.com

ਵਧੇਰੇ ਜਾਣਕਾਰੀ / ਟਿਕਟਾਂ ਲਈ ਸੰਪਰਕ ਕਰੋ Gurdwara Sahib: (408) 274-9373 ਜਸਵਿੰਦਰ ਸਿੰਘ ਨਿੱਜਰ ਜੀ: (408) 772-4211

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਮੀਰੀ-ਪੀਰੀ ਮੈਡੀਕਲ ਇੰਸਟੀਚਿਊਟ ’ਚ ਮੈਡੀਕਲ ਸੇਵਾਵਾਂ ਤੇ ਸਟਾਫ਼ ਦੀਆਂ ਤਨਖ਼ਾਹਾਂ ਵਿਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ- ਐਡਵੋਕੇਟ ਧਾਮੀ

ਅੰਮ੍ਰਿਤਸਰ
ਡਾ.ਰਜਿੰਦਰ ਰਿਖੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਮੀਰੀ-ਪੀਰੀ ਮੈਡੀਕਲ ਇੰਸਟੀਚਿਊਟ, ਸ਼ਾਹਬਾਦ ਮਾਰਕੰਡਾ ਵਿਖੇ ਪਹੁੰਚ ਕੇ ਟਰੱਸਟ ਮੈਂਬਰਾਂ, ਹਸਪਤਾਲ ਦੇ ਸਟਾਫ ਅਤੇ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਜਦੋਂ ਤੱਕ ਹਸਪਤਾਲ ਸਬੰਧੀ ਅਦਾਲਤੀ ਮਾਮਲੇ ਦਾ ਅੰਤਿਮ ਫ਼ੈਸਲਾ ਨਹੀਂ ਆ ਜਾਂਦਾ, ਉਦੋਂ ਤੱਕ ਸ਼੍ਰੋਮਣੀ ਕਮੇਟੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਪਿੱਛੇ ਨਹੀਂ ਹਟੇਗੀ ਅਤੇ ਸਟਾਫ ਦੀਆਂ ਤਨਖ਼ਾਹਾਂ ਸਮੇਤ ਮਰੀਜ਼ਾਂ ਨੂੰ ਮਿਲ ਰਹੀਆਂ ਸਾਰੀਆਂ ਮੈਡੀਕਲ ਸਹੂਲਤਾਂ ਨੂੰ ਨਿਰਵਿਘਨ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੀਰੀ-ਪੀਰੀ ਮੈਡੀਕਲ ਇੰਸਟੀਚਿਊਟ ਨੂੰ ਚਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖਰਾ ਟਰੱਸਟ ਬਣਾਇਆ ਗਿਆ ਹੈ ਅਤੇ ਇਸ ਟਰੱਸਟ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਲ 2006 ਤੋਂ ਹੋਂਦ ਵਿੱਚ ਆਇਆ ਇਹ ਹਸਪਤਾਲ ਅੱਜ ਹਰਿਆਣਾ ਅਤੇ ਆਸ-ਪਾਸ ਇਲਾਕਿਆਂ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਖੁਸ਼ੀ ਹੈ ਕਿ ਹਸਪਤਾਲ ਦੀ ਓਪੀਡੀ ਤੋਂ ਇਲਾਵਾ ਕੈਥ ਲੈਬ, ਗੋਡਿਆਂ ਤੇ ਹੋਰ ਮੈਡੀਕਲ ਸੇਵਾਵਾਂ ਦਾ ਵੱਡੀ ਗਿਣਤੀ ਵਿੱਚ ਲੋਕ ਲਾਭ ਲੈ ਰਹੇ ਹਨ ਅਤੇ ਖ਼ਾਸ ਤੌਰ ’ਤੇ ਤਿੰਨ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਕੈਥ ਲੈਬ ਬਹੁਤ ਸਫ਼ਲਤਾ ਨਾਲ ਚੱਲ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਹਸਪਤਾਲਾਂ ਅਤੇ ਵਿਦਿਅਕ ਸੰਸਥਾਵਾਂ ਵਿੱਚ ਜਾਤ-ਪਾਤ, ਧਰਮ ਜਾਂ ਕਿਸੇ ਹੋਰ ਕਿਸਮ ਦਾ ਕੋਈ ਭੇਦਭਾਵ ਨਹੀਂ ਕੀਤਾ ਜਾਂਦਾ ਅਤੇ ਹਰ ਵਿਅਕਤੀ ਨੂੰ, ਸਰਬੱਤ ਦੇ ਭਲੇ ਦੀ ਭਾਵਨਾ ਅਨੁਸਾਰ, ਉਸ ਦੀ ਲੋੜ ਮੁਤਾਬਕ ਮੈਡੀਕਲ ਸਹਾਇਤਾ ਮੁਹੱਈਆ



ਕਰਵਾਉਣਾ ਹੀ ਸੰਸਥਾ ਦਾ ਮੂਲ ਉਦੇਸ਼ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਇਸ ਮੀਰੀ ਪੀਰੀ ਮੈਡੀਕਲ ਸੰਸਥਾ ਨੂੰ ਲਗਭਗ 142 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਹਰ ਸਾਲ ਬਜਟ ਵਿੱਚ ਲਗਭਗ 8 ਕਰੋੜ ਰੁਪਏ ਦੀ ਵਿਵਸਥਾ ਰੱਖੀ ਜਾਂਦੀ ਹੈ ਅਤੇ ਬੀਤੇ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਵੀ ਲਗਭਗ 25 ਕਰੋੜ ਰੁਪਏ ਦੀ ਅਮਾਨਤ ਇਸ ਸੰਸਥਾ ਨੂੰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਨੂੰ ਭਵਿੱਖ ਵਿੱਚ ਮੈਡੀਕਲ ਕਾਲਜ ਦੇ ਰੂਪ ਵਿੱਚ ਵਿਕਸਤ ਕਰਨ ਦਾ ਵੀ ਸ਼੍ਰੋਮਣੀ ਕਮੇਟੀ ਦਾ ਮਕਸਦ ਹੈ, ਜਿਸ ਲਈ ਲੋੜੀਂਦਾ ਬੁਨਿਆਦੀ ਢਾਂਚਾ ਤਿਆਰ ਕੀਤਾ ਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਅਦਾਲਤਾਂ ਦੇ ਫ਼ੈਸਲਿਆਂ ਦਾ ਸਤਿਕਾਰ ਕੀਤਾ ਹੈ ਅਤੇ ਇਸ ਮਾਮਲੇ ਵਿੱਚ ਵੀ ਕਾਨੂੰਨੀ ਪ੍ਰਕਿਰਿਆ ਅਨੁਸਾਰ ਹੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 12 ਮਈ ਨੂੰ ਆਏ ਫ਼ੈਸਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਅਧਿਕਾਰ ਅਨੁਸਾਰ ਐਲਪੀਏ ਦਾਇਰ ਕੀਤੀ ਗਈ ਸੀ, ਜਿਸ ’ਤੇ ਮਾਨਯੋਗ ਹਾਈਕੋਰਟ ਦੇ ਡਬਲ ਬੈਂਚ ਵੱਲੋਂ ਸੁਣਵਾਈ ਕੀਤੀ ਗਈ ਅਤੇ ਨਵੇਂ ਬਣੇ ਮੈਡੀਕਲ ਬੋਰਡ ਸਬੰਧੀ ਕਾਰਵਾਈ ’ਤੇ ਰੋਕ ਲਗਾਈ ਗਈ ਹੈ।

ਉਨ੍ਹਾਂ ਕਿਹਾ ਕਿ ਇਸ ਲਈ ਹੁਣ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇੱਥੇ ਮਸਲਾ ਕਿਸੇ ਤਰ੍ਹਾਂ ਦੇ ਕਬਜ਼ੇ ਦਾ ਨਹੀਂ, ਸਗੋਂ ਲੋਕਾਂ ਨੂੰ ਮੈਡੀਕਲ ਸੇਵਾਵਾਂ ਦੇਣ ਅਤੇ ਸੰਸਥਾ ਦੇ ਫਰਜ਼ ਨਿਭਾਉਣ ਦਾ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਸਪਤਾਲ ਦੇ ਸਟਾਫ ਦੀਆਂ ਤਨਖ਼ਾਹਾਂ ਲਈ 1 ਕਰੋੜ 40 ਲੱਖ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੀਆਂ ਤਨਖ਼ਾਹਾਂ ਵੀ ਜਾਰੀ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕੁਝ ਡਾਕਟਰ ਅਤੇ ਹੋਰ ਸਟਾਫ ਮੈਂਬਰ ਪਿਛਲੇ ਸਮੇਂ ਵਿੱਚ ਹਸਪਤਾਲ ਛੱਡ ਕੇ ਚਲੇ ਗਏ ਸਨ, ਉਨ੍ਹਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਵਾਪਸ ਆਉਣ ਦੀ ਅਪੀਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਅਦਾਲਤ ਦਾ ਅੰਤਿਮ ਫ਼ੈਸਲਾ ਨਹੀਂ ਆਉਂਦਾ, ਸ਼੍ਰੋਮਣੀ ਕਮੇਟੀ ਆਪਣੇ ਪਹਿਲਾਂ ਵਾਲੇ ਫ਼ਰਜ਼ ਪੂਰੀ ਤਰ੍ਹਾਂ ਨਿਭਾਏਗੀ। ਸਾਡੀ ਕੋਸ਼ਿਸ਼ ਹੈ ਕਿ ਹਸਪਤਾਲ ਦਾ ਪ੍ਰਸ਼ਾਸਨ ਸੁਚੱਜੇ ਢੰਗ ਨਾਲ ਚੱਲੇ, ਸਟਾਫ ਨੂੰ ਸਮੇਂ ਸਿਰ ਤਨਖ਼ਾਹਾਂ ਮਿਲਣ ਅਤੇ ਹਰਿਆਣਾ ਦੇ ਲੋਕਾਂ ਨੂੰ ਪਹਿਲਾਂ ਵਾਂਗ ਮੈਡੀਕਲ ਸਹੂਲਤਾਂ ਮਿਲਦੀਆਂ ਰਹਿਣ। ਐਡਵੋਕੇਟ ਧਾਮੀ ਨੇ ਕਿਹਾ ਕਿ ਉਨ੍ਹਾਂ ਦਾ ਅੱਜ ਦਾ ਦੌਰਾ ਕਿਸੇ ਤਰ੍ਹਾਂ ਦੇ ਕਬਜ਼ੇ ਲਈ ਨਹੀਂ, ਸਗੋਂ ਹਸਪਤਾਲ ਦੇ ਸਟਾਫ, ਮਰੀਜ਼ਾਂ ਅਤੇ ਸਮੁੱਚੇ ਹਰਿਆਣਾ ਦੇ ਲੋਕਾਂ ਨੂੰ ਇਹ ਭਰੋਸਾ ਦੇਣ ਲਈ ਹੈ ਕਿ ਜਦੋਂ ਤੱਕ ਅਦਾਲਤੀ ਮਾਮਲੇ ਦਾ ਅੰਤਿਮ ਫ਼ੈਸਲਾ ਨਹੀਂ ਹੁੰਦਾ, ਲੋਕਾਂ ਨੂੰ ਮਿਲ ਰਹੀਆਂ ਮੈਡੀਕਲ ਸਹੂਲਤਾਂ ਅਤੇ ਸਟਾਫ ਦੇ ਹੱਕਾਂ ਵਿੱਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ।

# ਅਮਰੀਕੀ ਸੈਨੇਟ ਵੱਲੋਂ ਰੂਸ 'ਤੇ ਪਾਬੰਦੀਆਂ ਦਾ ਬਿੱਲ ਪਾਸ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਯੂ.ਐੱਸ. ਸੈਨੇਟ ਨੇ ਰੂਸ ਅਤੇ ਇਸ ਦੇ ਪੈਟਰੋਲੀਅਮ ਉਤਪਾਦਾਂ ਦੇ ਮੁੱਖ ਖਰੀਦਦਾਰਾਂ, ਜਿਵੇਂ ਕਿ ਚੀਨ ਅਤੇ ਭਾਰਤ ਨੂੰ ਸਜ਼ਾ ਦੇਣ ਲਈ ਇੱਕ ਬਿੱਲ ਨੂੰ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਅਜਿਹਾ ਵਪਾਰ ਯੂਕਰੇਨ ਦੀ ਜੰਗ ਨੂੰ ਹਵਾ ਦੇਣ ਵਿਚ ਮਦਦ ਕਰਦਾ ਹੈ।

ਇਸ ਬਿੱਲ ਦਾ ਨਾਂ ਬਦਲ ਕੇ ‘ਲਿੰਡਸੇ ਓ. ਗ੍ਰਾਹਮ ਸੈਂਕਸ਼ਨਿੰਗ ਰਸ਼ੀਆ ਐਂਡ ਇਰਾਨ ਐਕਟ ਆਫ਼ 2026’ ਰੱਖ ਦਿੱਤਾ ਗਿਆ ਹੈ ਅਤੇ ਸੈਨੇਟ ਨੇ 86-11 ਵੋਟਾਂ ਨਾਲ ਇਸ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਬਿੱਲ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਉਨ੍ਹਾਂ ਦੇਸ਼ਾਂ ਦੇ ਸਮਾਨ ‘ਤੇ 100 ਫੀਸਦੀ ਟੈਰਿਫ ਲਗਾਉਣ ਦੀ ਇਜਾਜ਼ਤ ਦਿੰਦਾ ਹੈ, ਜੋ ਰੂਸੀ ਤੇਲ ਅਤੇ ਗੈਸ ਦੇ ਚੋਟੀ ਦੇ ਪੰਜ ਦਰਾਮਦਕਾਰ ਹਨ।

ਫਿਲਹਾਲ ਚੀਨ, ਭਾਰਤ, ਅਜ਼ਰਬਾਈਜਾਨ, ਹੰਗਰੀ ਅਤੇ ਸਲੋਵਾਕੀਆ ਰੂਸ ਤੋਂ ਤੇਲ ਅਤੇ ਗੈਸ ਦੇ ਚੋਟੀ ਦੇ ਪੰਜ ਦਰਾਮਦਕਾਰ ਹਨ।

ਰੂਸ ਦੀਆਂ ਪਾਬੰਦੀਆਂ ਤੋਂ ਇਲਾਵਾ, ਇਹ ਬਿੱਲ 1996 ਦੇ ਇਰਾਨ ਸੈਂਕਸ਼ਨਜ਼ ਐਕਟ ਦੀ ਮਿਆਦ ਨੂੰ 2031 ਤੱਕ ਵਧਾ ਦੇਵੇਗਾ, ਜੋ ਕਿ ਇਰਾਨ ਦੇ ਊਰਜਾ ਖੇਤਰ ਵਿਚ ਨਿਵੇਸ਼




ਕਰਨ ਵਾਲੀਆਂ ਕੰਪਨੀਆਂ ਨੂੰ ਸਜ਼ਾ ਦਿੰਦਾ ਹੈ। ਇਸ ਦੁਪੱਖੀ (ਬਾਈਪਾਰਟੀਜ਼ਨ) ਬਿੱਲ ਦੀ ਹਮਾਇਤ ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ, ਜਿਨ੍ਹਾਂ ਦਾ 11 ਜੁਲਾਈ ਨੂੰ ਦੇਹਾਂਤ ਹੋ ਗਿਆ ਸੀ, ਅਤੇ ਡੈਮੋਕ੍ਰੇਟ ਰਿਚਰਡ ਬਲੂਮੈਂਥਲ ਨੇ ਕੀਤੀ ਸੀ। ਕੀਵ ਦੇ ਦੌਰੇ ਤੋਂ ਬਾਅਦ ਗ੍ਰਾਹਮ ਦੀ ਅਚਾਨਕ ਮੌਤ ਤੋਂ ਬਾਅਦ, ਸਦਨ ਦੇ ਨੇਤਾਵਾਂ ਨੇ ਯੂਕਰੇਨ ਦੇ ਸਹਿਯੋਗੀ ਵਜੋਂ ਮਰਹੂਮ ਸੈਨੇਟਰ ਦੀ ਵਿਰਾਸਤ ਦਾ ਸਨਮਾਨ ਕਰਨ ਅਤੇ ਬਿੱਲ ਦੀ ਪਾਸ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਨਵੇਂ ਜੋਸ਼ ਨਾਲ ਕੰਮ ਕੀਤਾ।

ਇਹ ਰੂਸੀ ਨੇਤਾਵਾਂ ਅਤੇ ਅਧਿਕਾਰੀਆਂ ‘ਤੇ ਪਾਬੰਦੀਆਂ ਲਗਾਉਣ ਦੀ ਵੀ ਮੰਗ ਕਰਦਾ ਹੈ, ਜਿਸ ਵਿਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਕੁਲੀਨ ਵਰਗ (ਓਲੀਗਾਰਕਸ) ਅਤੇ ਵਿੱਤੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਬਲੂਮੈਂਥਲ ਨੇ ਕਿਹਾ, ”ਇਹ ਹਥੌੜੇ ਵਰਗੀਆਂ ਪਾਬੰਦੀਆਂ ਅਤੇ ਟੈਰਿਫ ਉਨ੍ਹਾਂ ਸਾਰਿਆਂ ਨੂੰ ਰੋਕ ਦੇਣਗੇ, ਜੋ ਬਹਾਦਰ ਆਜ਼ਾਦ ਲੋਕਾਂ ਵਿਰੁੱਧ ਇਸ ਕਾਤਲਾਨਾ, ਅਪਰਾਧਿਕ ਹਮਲਾਵਰ ਜੰਗ ਵਿਚ ਸ਼ਾਮਲ ਹਨ।”

ਕੁਝ ਡੈਮੋਕ੍ਰੇਟਸ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਬਿੱਲ ਟਰੰਪ ਨੂੰ ਉਸ ਸਮੇਂ ਨਵੀਆਂ ਟੈਰਿਫ ਸ਼ਕਤੀਆਂ ਦੇਵੇਗਾ, ਜਦੋਂ ਉਨ੍ਹਾਂ ਨੇ ਅਜਿਹੇ ਟੈਰਿਫਾਂ ਨੂੰ ਆਪਣੀ ਵਪਾਰਕ ਨੀਤੀ ਦੇ ਕੇਂਦਰ ਵਿਚ ਰੱਖਿਆ ਹੈ।

ਇਹ ਬਿੱਲ ਹੁਣ 31 ਅਗਸਤ ਨੂੰ ਕਾਰਵਾਈ ਮੁੜ ਸ਼ੁਰੂ ਹੋਣ ‘ਤੇ ਪ੍ਰਵਾਨਗੀ ਲਈ ਪ੍ਰਤੀਨਿਧ ਸਭਾ (ਹਾਊਸ ਆਫ਼ ਰੈਪਿਜ਼ੈਂਟੇਟਿਵਜ਼) ਵਿਚ ਜਾਵੇਗਾ।

# ਕੈਨੇਡਾ ਤੋਂ 2026 ਦੀ ਪਹਿਲੀ ਛਿਮਾਹੀ 'ਚ ਰਿਕਾਰਡ 3,323 ਭਾਰਤੀ ਡਿਪੋਰਟ!

## ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਅੰਕੜੇ ਜਾਰੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਕੈਨੇਡਾ ਨੇ 2026 ਦੇ ਪਹਿਲੇ ਛੇ ਮਹੀਨਿਆਂ ਵਿਚ 3,323 ਭਾਰਤੀ ਨਾਗਰਿਕਾਂ ਨੂੰ ਦੇਸ਼ ਤੋਂ ਡਿਪੋਰਟ (ਕੱਢ) ਕਰ ਦਿੱਤਾ ਹੈ। ਇਸ ਦੇ ਨਾਲ ਹੀ ਇਹ ਗਿਣਤੀ ਪਿਛਲੇ ਛੇ ਸਾਲਾਂ ਦੇ ਸਭ ਤੋਂ ਵੱਧ ਅੰਕੜੇ ਨੂੰ ਪਾਰ ਕਰਨ ਵੱਲ ਵਧ ਰਹੀ ਹੈ। ਸਰਕਾਰੀ ਅੰਕੜਿਆਂ ਤੋਂ ਇਹ ਜਾਣਕਾਰੀ ਮਿਲੀ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਦੇ ਅੰਕੜਿਆਂ ਅਨੁਸਾਰ, ਸਾਲ 2025 ਵਿਚ ਪੂਰੇ ਸਾਲ ਦੌਰਾਨ ਦੇਸ਼ ਤੋਂ ਕੱਢੇ ਗਏ ਭਾਰਤੀ ਨਾਗਰਿਕਾਂ ਦੀ ਗਿਣਤੀ 3,779 ਸੀ, ਜਦਕਿ ਇਸ ਸਾਲ ਦੇ ਸ਼ੁਰੂਆਤੀ 6 ਮਹੀਨਿਆਂ ਵਿਚ ਹੀ 3,323 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ। ਹੁਣ ਤੱਕ ਸਭ ਤੋਂ ਵੱਧ ਭਾਰਤੀ ਸਾਲ 2025 ਵਿਚ ਕੱਢੇ ਗਏ ਸਨ। ਕੈਨੇਡਾ ਆਪਣੀ ਇਮੀਗ੍ਰੇਸ਼ਨ ਵਿਵਸਥਾ ਨੂੰ ਸਖ਼ਤ ਕਰ ਰਿਹਾ ਹੈ ਅਤੇ ਕੌਮਾਂਤਰੀ ਵਿਦਿਆਰਥੀਆਂ ਤੇ ਅਸਥਾਈ ਵਿਦੇਸ਼ੀ ਕਾਮਿਆਂ ਸਮੇਤ ਅਸਥਾਈ ਵਸਨੀਕਾਂ ਦੀ ਗਿਣਤੀ ਘਟਾ ਰਿਹਾ ਹੈ। ਕੈਨੇਡਾ ਆਮ ਤੌਰ ‘ਤੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਨਾ ਕਰਨ, ਸ਼ਰਨ ਜਾਂ ਸ਼ਰਨਾਰਥੀ ਦਾਅਵਿਆਂ ਦੇ ਰੱਦ ਹੋਣ, ਵੀਜ਼ਾ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਰੁਕਣ ਅਤੇ ਵੀਜ਼ਾ ਧੋਖਾਧੜੀ ਵਰਗੇ ਮਾਮਲਿਆਂ ਕਾਰਨ ਭਾਰਤੀ ਨਾਗਰਿਕਾਂ ਨੂੰ ਦੇਸ਼ ਤੋਂ ਡਿਪੋਰਟ ਕਰਦਾ ਹੈ। ਸਾਲ 2026 ਦੀ ਪਹਿਲੀ ਛਿਮਾਹੀ ਵਿਚ ਕੈਨੇਡਾ ਤੋਂ ਭੇਜੇ ਗਏ ਲੋਕਾਂ ਵਿਚ ਭਾਰਤੀ ਨਾਗਰਿਕਾਂ ਦੀ ਗਿਣਤੀ ਸਭ ਤੋਂ ਵੱਧ ਰਹੀ। ਭਾਰਤ ਨੇ ਮੈਕਸੀਕੋ ਨੂੰ ਪਿੱਛੇ ਛੱਡ ਦਿੱਤਾ ਹੈ, ਜਿਸ ਦੇ 1,573 ਨਾਗਰਿਕਾਂ ਨੂੰ ਇਸ ਸਮੇਂ ਦੌਰਾਨ ਡਿਪੋਰਟ ਕੀਤਾ ਗਿਆ। ਪਿਛਲੇ ਪੰਜ ਸਾਲਾਂ ਵਿਚ ਕੈਨੇਡਾ ਤੋਂ ਕੱਢੇ ਗਏ ਨਾਗਰਿਕਾਂ ਦੀ ਸੂਚੀ ਵਿਚ ਮੈਕਸੀਕੋ ਸਭ ਤੋਂ ਉੱਪਰ ਰਿਹਾ ਸੀ, ਜਦੋਂ ਕਿ ਇਸ ਸਮੇਂ ਦੌਰਾਨ ਭਾਰਤ ਦੂਜੇ ਸਥਾਨ ‘ਤੇ ਸੀ। ਭਾਰਤ ਇਸ ਤੋਂ ਪਹਿਲਾਂ 2020 ਵਿਚ ਇਸ ਸੂਚੀ ਵਿਚ ਸਭ ਤੋਂ ਉੱਪਰ ਸੀ, ਜਦੋਂ ਕੈਨੇਡਾ ਨੇ 1,424 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਸੀ।




ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਮੋਹਨ ਭਾਗਵਤ ਨੂੰ ਰੋਕਣ ਦੀ ਮੰਗ: ਕੈਨੇਡਾ ਦੇ ਲੋਕਤੰਤਰ ਦੀ ਪਰਖ ਜਾਂ ਵੋਟ-ਬੈਂਕ ਦੀ ਸਿਆਸਤ?

ਅੰਮ੍ਰਿਤਸਰ
ਡਾ.ਰਜਿੰਦਰ ਰਿਖੀ



ਕੈਨੇਡਾ ਦੀ ਨਿਊ ਡੈਮੋਕ੍ਰੈਟਿਕ ਪਾਰਟੀ ਵੱਲੋਂ ਰਾਸ਼ਟਰੀ ਸਵੈਮਸੇਵਕ ਸੰਘ ਦੇ ਸਰਸੰਘਚਾਲਕ ਮੋਹਨ ਭਾਗਵਤ ਨੂੰ ਕੈਨੇਡਾ ਵਿੱਚ ਦਾਖ਼ਲ ਹੋਣ ਤੋਂ ਰੋਕਣ ਦੀ ਮੰਗ ਨੇ ਇੱਕ ਵਾਰ ਫਿਰ ਕੈਨੇਡਾ ਦੇ ਸਿਆਸੀ ਮੰਚ 'ਤੇ ਭਾਰਤ ਨੂੰ ਲੈ ਕੇ ਵਰਤੇ ਜਾ ਰਹੇ ਦੋਹਰੇ ਮਾਪਦੰਡਾਂ ਨੂੰ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ।ਐਨਡੀਪੀ ਨੇ ਕੈਨੇਡਾ ਦੇ ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ ਦੀਆਂ ਧਾਰਾਵਾਂ ਦੀ ਵਰਤੋਂ ਕਰਦਿਆਂ ਮੋਹਨ ਭਾਗਵਤ ਨੂੰ ਕੈਨੇਡਾ ਵਿੱਚ ਦਾਖ਼ਲਾ ਦੇਣ ਤੋਂ ਰੋਕਣ ਅਤੇ ਆਰਐਸਐਸ ਵਿਰੁੱਧ ਵੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਹ ਮੰਗ ਮਹਿਜ਼ ਇੱਕ ਵਿਅਕਤੀ ਦੇ ਦੌਰੇ ਨਾਲ ਜੁੜਿਆ ਮਾਮਲਾ ਨਹੀਂ। ਇਸ ਦੇ ਪਿੱਛੇ ਇੱਕ ਵੱਡਾ ਸਵਾਲ ਖੜ੍ਹਾ ਹੁੰਦਾ ਹੈ ਕੀ ਕੈਨੇਡਾ ਵਿੱਚ ਸੋਚਣ, ਬੋਲਣ ਅਤੇ ਆਪਣੀ ਰਾਇ ਪ੍ਰਗਟ ਕਰਨ ਦੀ ਆਜ਼ਾਦੀ ਸੱਚਮੁੱਚ ਹਰ ਕਿਸੇ ਲਈ ਬਰਾਬਰ ਹੈ ਜਾਂ ਫਿਰ ਇਹ ਸਿਆਸੀ ਸਹੂਲਤ ਮੁਤਾਬਕ ਬਦਲ ਜਾਂਦੀ ਹੈ?

ਕਿਸੇ ਲੋਕਤੰਤਰਿਕ ਮੁਲਕ ਵਿੱਚ ਕਿਸੇ ਵਿਅਕਤੀ ਨੂੰ ਸਿਰਫ਼ ਉਸ ਦੀ ਵਿਚਾਰਧਾਰਾ ਜਾਂ ਕਿਸੇ ਸੰਗਠਨ ਨਾਲ ਉਸ ਦੀ ਸਾਂਝ ਕਾਰਨ ਦੇਸ਼ ਵਿੱਚ ਦਾਖ਼ਲ ਹੋਣ ਤੋਂ ਰੋਕਣ ਦੀ ਮੰਗ ਇੱਕ ਗੰਭੀਰ ਮਾਮਲਾ ਹੈ। ਜੇਕਰ ਮੋਹਨ ਭਾਗਵਤ ਜਾਂ ਆਰਐਸਐਸ ਵਿਰੁੱਧ ਕੋਈ ਠੋਸ ਅਤੇ ਕਾਨੂੰਨੀ ਤੌਰ 'ਤੇ ਸਾਬਤ ਸਬੂਤ ਮੌਜੂਦ ਹੈ ਤਾਂ ਉਹ ਕੈਨੇਡਾ ਦੀ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਸਾਹਮਣੇ ਰੱਖਿਆ ਜਾਣਾ ਚਾਹੀਦਾ ਹੈ। ਕਾਨੂੰਨ ਦਾ ਪਹੀਆ ਸਬੂਤਾਂ ਨਾਲ ਘੁੰਮਣਾ ਚਾਹੀਦਾ ਹੈ, ਸਿਆਸੀ ਦੋਸ਼ਾਂ ਨਾਲ ਨਹੀਂ।

ਆਰਐਸਐਸ ਬਾਰੇ ਐਨਡੀਪੀ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਵੀ ਇਸੇ ਕਸੌਟੀ 'ਤੇ ਪਰਖਿਆ ਜਾਣਾ ਚਾਹੀਦਾ ਹੈ।ਆਰਐਸਐਸ ਭਾਰਤ ਦੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਵਿੱਚ ਵਿਆਪਕ ਮੌਜੂਦਗੀ ਰੱਖਣ ਵਾਲਾ ਇੱਕ ਵੱਡਾ ਸੰਗਠਨ ਹੈ। ਇਸ ਨਾਲ ਜੁੜੀਆਂ ਸੰਸਥਾਵਾਂ ਵੱਲੋਂ ਸਮਾਜ ਸੇਵਾ, ਕੁਦਰਤੀ ਆਫ਼ਤਾਂ ਸਮੇਂ ਰਾਹਤ ਅਤੇ ਲੋਕ-ਭਲਾਈ ਦੇ ਕੰਮ ਕੀਤੇ ਜਾਣ ਦਾ ਲੰਮਾ ਇਤਿਹਾਸ ਵੀ ਹੈ। ਇਸ ਲਈ ਕਿਸੇ ਪੂਰੇ ਸੰਗਠਨ ਨੂੰ "ਨਫ਼ਰਤ ਅਤੇ ਹਿੰਸਾ" ਨਾਲ ਜੋੜਨ ਵਾਲੇ ਦੋਸ਼ਾਂ ਲਈ ਠੋਸ, ਭਰੋਸੇਯੋਗ ਅਤੇ ਪ੍ਰਮਾਣਿਤ ਸਬੂਤ ਲੋੜੀਂਦੇ ਹਨ। ਕਿਸੇ ਸੰਗਠਨ ਨਾਲ ਵਿਚਾਰਧਾਰਕ ਅਸਹਿਮਤੀ ਉਸ ਨੂੰ ਅਪਰਾਧੀ ਸਾਬਤ ਕਰਨ ਦਾ ਬਦਲ ਨਹੀਂ ਬਣ ਸਕਦੀ।

ਇੱਥੇ ਕੈਨੇਡਾ ਵਿੱਚ ਅਭਿਵਿਅਕਤੀ ਦੀ ਆਜ਼ਾਦੀ ਬਾਰੇ ਵੀ ਇੱਕ ਬੁਨਿਆਦੀ ਸਵਾਲ ਉੱਠਦਾ ਹੈ। ਜੇ ਭਾਰਤ ਸਰਕਾਰ ਜਾਂ ਭਾਰਤੀ ਰਾਸ਼ਟਰਵਾਦ ਦੀ ਤਿੱਖੀ ਆਲੋਚਨਾ ਨੂੰ ਬੋਲਣ ਦੀ ਆਜ਼ਾਦੀ ਦੇ ਘੇਰੇ ਵਿੱਚ ਸੁਰੱਖਿਆ ਮਿਲਦੀ ਹੈ ਤਾਂ ਭਾਰਤ ਦੇ ਹੱਕ ਵਿੱਚ ਬੋਲਣ ਵਾਲਿਆਂ ਜਾਂ ਭਾਰਤੀ ਰਾਸ਼ਟਰੀ ਸੋਚ ਦੀ ਹਮਾਇਤ ਕਰਨ ਵਾਲਿਆਂ ਨੂੰ ਉਹੀ ਹੱਕ ਕਿਉਂ ਨਹੀਂ ਮਿਲਣਾ ਚਾਹੀਦਾ? ਜੇ ਭਾਰਤ-ਵਿਰੋਧੀ ਵਿਚਾਰ 'ਆਜ਼ਾਦੀ' ਹਨ ਅਤੇ ਭਾਰਤ-ਪੱਖੀ ਵਿਚਾਰ 'ਖ਼ਤਰਾ' ਹਨ, ਤਾਂ ਇਹ ਕਿਹੋ ਜਿਹਾ ਲੋਕਤੰਤਰਿਕ ਮਾਪਦੰਡ ਹੈ?

ਬੋਲਣ ਦੀ ਆਜ਼ਾਦੀ ਲੋਕਤੰਤਰ ਦੀ ਨੀਂਹ ਹੈ। ਪਰ ਆਜ਼ਾਦੀ-ਏ-ਇਜ਼ਹਾਰ ਦਾ ਮਤਲਬ ਇਹ ਵੀ ਨਹੀਂ ਕਿ ਹਿੰਸਾ, ਧਮਕੀ ਜਾਂ ਅਤਿਵਾਦ ਨੂੰ ਢਾਲ ਬਣਾ ਲਿਆ ਜਾਵੇ। ਕੈਨੇਡਾ ਵਿੱਚ ਰਹਿੰਦੇ ਸਿੱਖਾਂ ਸਮੇਤ ਹਰ ਭਾਈਚਾਰੇ ਨੂੰ ਆਪਣੀ ਸਿਆਸੀ ਰਾਇ ਰੱਖਣ ਅਤੇ ਪ੍ਰਗਟ ਕਰਨ ਦਾ ਪੂਰਾ ਹੱਕ ਹੈ। ਪਰ ਕਿਸੇ ਵੀ ਭਾਈਚਾਰੇ ਜਾਂ ਸਿਆਸੀ ਮਕਸਦ ਨੂੰ ਹਿੰਸਾ ਅਤੇ ਡਰਾਉਣ-ਧਮਕਾਉਣ ਨੂੰ ਜਾਇਜ਼ ਠਹਿਰਾਉਣ ਲਈ ਨਹੀਂ ਵਰਤਿਆ ਜਾ ਸਕਦਾ।

ਇਸ ਲਈ ਆਰਐਸਐਸ 'ਤੇ ਦੋਸ਼ ਲਾਉਣ ਤੋਂ ਪਹਿਲਾਂ ਐਨਡੀਪੀ ਨੂੰ ਇਹ ਵੀ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕੈਨੇਡੀਅਨ ਧਰਤੀ ਤੋਂ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਵਿਰੁੱਧ ਦਿੱਤੀਆਂ ਜਾਂਦੀਆਂ ਹਿੰਸਕ ਧਮਕੀਆਂ, ਕੱਟੜਪੰਥੀ ਵੱਖਵਾਦੀ ਸਰਗਰਮੀਆਂ ਅਤੇ ਡਰਾਉਣ-ਧਮਕਾਉਣ ਦੀਆਂ ਘਟਨਾਵਾਂ ਬਾਰੇ ਉਸ ਦਾ ਰੁਖ਼ ਕੀ ਹੈ?

ਇਹ ਸਵਾਲ ਇਸ ਲਈ ਹੋਰ ਵੀ ਅਹਿਮ ਬਣ ਜਾਂਦਾ ਹੈ ਕਿਉਂਕਿ ਜਗਮੀਤ ਸਿੰਘ ਦੀ ਅਗਵਾਈ ਵਾਲੇ ਦੌਰ ਵਿੱਚ ਐਨਡੀਪੀ ਦੇ ਖਾਲਿਸਤਾਨੀ ਮਸਲੇ ਪ੍ਰਤੀ ਰਵੱਈਏ ਅਤੇ ਵੱਖਵਾਦੀ ਤੱਤਾਂ ਪ੍ਰਤੀ ਕਥਿਤ ਨਰਮੀ ਨੂੰ ਲੈ ਕੇ ਸਵਾਲ ਉੱਠਦੇ ਰਹੇ ਹਨ। ਇਸ ਪਿਛੋਕੜ ਵਿੱਚ ਸ਼ਸ਼ ਅਤੇ ਮੋਹਨ ਭਾਗਵਤ ਨੂੰ ਨਿਸ਼ਾਨਾ ਬਣਾਉਣ ਦੀ ਤਾਜ਼ਾ ਮੰਗ ਘੱਟੋ-ਘੱਟ ਸਿਆਸੀ ਤੌਰ 'ਤੇ ਕੈਨੇਡਾ ਦੀ ਅੰਦਰੂਨੀ ਵੋਟ-ਬੈਂਕ ਸਿਆਸਤ ਤੋਂ ਪ੍ਰਭਾਵਿਤ ਜਾਪਦੀ ਹੈ।

ਸਿੱਧਾ ਸਵਾਲ ਹੈ ਕੀ ਕੈਨੇਡਾ ਦੀ ਵਿਦੇਸ਼ ਨੀਤੀ ਅਤੇ ਪਰਵਾਸ ਨੀਤੀ ਕਿਸੇ ਖ਼ਾਸ ਵੋਟ-ਬੈਂਕ ਜਾਂ ਦਬਾਅ ਸਮੂਹ ਦੀਆਂ ਸਿਆਸੀ ਮੰਗਾਂ ਮੁਤਾਬਕ ਤੈਅ ਹੋਵੇਗੀ?

ਜੇ ਜਵਾਬ 'ਹਾਂ' ਹੈ ਤਾਂ ਇਹ ਸਿਰਫ਼ ਭਾਰਤ ਲਈ ਹੀ ਨਹੀਂ, ਸਗੋਂ ਕੈਨੇਡਾ ਦੇ ਆਪਣੇ ਲੋਕਤੰਤਰ ਦੀ ਸਿਹਤ ਲਈ ਵੀ ਚਿੰਤਾ ਦਾ ਵਿਸ਼ਾ ਹੈ।

ਕੈਨੇਡਾ ਨੂੰ ਇਹ ਸਮਝਣਾ ਹੋਵੇਗਾ ਕਿ ਭਾਰਤ ਕੋਈ ਛੋਟਾ ਜਾਂ ਅਸਥਿਰ ਲੋਕਤੰਤਰ ਨਹੀਂ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ।ਆਰਐਸਐਸ ਦੀ ਭਾਰਤ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਸ਼ਟਰੀ ਜੀਵਨ ਵਿੱਚ ਇੱਕ ਮਹੱਤਵਪੂਰਨ ਮੌਜੂਦਗੀ ਹੈ। ਕੈਨੇਡਾ ਦੀ ਕੋਈ ਵੀ ਸਿਆਸੀ ਪਾਰਟੀ ਆਪਣੇ ਘਰੇਲੂ ਸਿਆਸੀ ਹਿੱਤਾਂ ਮੁਤਾਬਕ ਭਾਰਤ ਦੇ ਕਿਸੇ ਸੰਗਠਨ ਜਾਂ ਵਿਚਾਰਧਾਰਾ ਦਾ ਕਿਰਦਾਰ ਤੈਅ ਨਹੀਂ ਕਰ ਸਕਦੀ।

ਇਸ ਦਾ ਇਹ ਮਤਲਬ ਵੀ ਨਹੀਂ ਕਿ ਆਰਐਸਐਸ ਜਾਂ ਮੋਹਨ ਭਾਗਵਤ ਆਲੋਚਨਾ ਤੋਂ ਉੱਪਰ ਹਨ। ਲੋਕਤੰਤਰ ਵਿੱਚ ਹਰ ਵਿਅਕਤੀ ਅਤੇ ਹਰ ਸੰਗਠਨ ਦੀ ਆਲੋਚਨਾ ਹੋ ਸਕਦੀ ਹੈ। ਪਰ ਆਲੋਚਨਾ ਅਤੇ ਪਾਬੰਦੀ ਵਿੱਚ ਫ਼ਰਕ ਹੈ, ਅਸਹਿਮਤੀ ਅਤੇ ਅਪਰਾਧ ਵਿੱਚ ਫ਼ਰਕ ਹੈ ਅਤੇ ਸਿਆਸੀ ਦੋਸ਼ ਤੇ ਕਾਨੂੰਨੀ ਤੌਰ 'ਤੇ ਸਾਬਤ ਸਬੂਤ ਵਿੱਚ ਵੀ ਵੱਡਾ ਫ਼ਰਕ ਹੈ।

ਜੇਕਰ ਕੈਨੇਡਾ ਸੱਚਮੁੱਚ ਕਾਨੂੰਨ ਦੇ ਰਾਜ ਅਤੇ ਮਨੁੱਖੀ ਹੱਕਾਂ ਵਿੱਚ ਵਿਸ਼ਵਾਸ ਰੱਖਦਾ ਹੈ ਤਾਂ ਇਹ ਅਸੂਲ ਸਭ ਲਈ ਇੱਕੋ ਜਿਹੇ ਹੋਣੇ ਚਾਹੀਦੇ ਹਨ। ਜਿਹੜੇ ਹੱਕ ਭਾਰਤ-ਵਿਰੋਧੀ ਵਿਚਾਰ ਰੱਖਣ ਵਾਲੇ ਨੂੰ ਮਿਲਦੇ ਹਨ, ਉਹੀ ਹੱਕ ਭਾਰਤ-ਪੱਖੀ ਸੋਚ ਰੱਖਣ ਵਾਲੇ ਵਿਅਕਤੀ ਨੂੰ ਵੀ ਮਿਲਣੇ ਚਾਹੀਦੇ ਹਨ।

ਇਸ ਲਈ ਮੋਹਨ ਭਾਗਵਤ ਨੂੰ ਕੈਨੇਡਾ ਆਉਣ ਤੋਂ ਰੋਕਣ ਦੀ ਮੰਗ ਇੱਕ ਵੱਡੀ ਵਿਚਾਰਧਾਰਕ ਬਹਿਸ ਨੂੰ ਜਨਮ ਦਿੰਦੀ ਹੈ। ਸਵਾਲ ਇਹ ਨਹੀਂ ਕਿ ਕੋਈ ਮੋਹਨ ਭਾਗਵਤ ਨੂੰ ਪਸੰਦ ਕਰਦਾ ਹੈ ਜਾਂ ਨਹੀਂ। ਅਸਲ ਸਵਾਲ ਇਹ ਹੈ ਕੀ ਕਿਸੇ ਲੋਕਤੰਤਰਿਕ ਮੁਲਕ ਵਿੱਚ ਕਿਸੇ ਵਿਅਕਤੀ ਦੀ ਵਿਚਾਰਧਾਰਾ ਆਪਣੇ ਆਪ ਉਸ ਨੂੰ ਦੇਸ਼ ਵਿੱਚ ਦਾਖ਼ਲੇ ਤੋਂ ਰੋਕਣ ਦਾ ਕਾਨੂੰਨੀ ਆਧਾਰ ਬਣ ਸਕਦੀ ਹੈ?

ਜੇ ਜਵਾਬ 'ਨਹੀਂ' ਹੈ ਤਾਂ ਐਨਡੀਪੀ ਨੂੰ ਆਪਣੀ ਮੰਗ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।ਕੈਨੇਡਾ ਨੂੰ ਭਾਰਤ ਨਾਲ ਆਪਣੇ ਰਿਸ਼ਤੇ ਦੋਹਰੇ ਮਾਪਦੰਡਾਂ ਨਾਲ ਨਹੀਂ, ਸਗੋਂ ਆਪਸੀ ਸਨਮਾਨ, ਕਾਨੂੰਨ ਦੀ ਨਿਰਪੱਖ ਪਾਲਣਾ ਅਤੇ ਤੱਥਾਂ 'ਤੇ ਆਧਾਰਿਤ ਨੀਤੀ ਨਾਲ ਚਲਾਉਣੇ ਚਾਹੀਦੇ ਹਨ। ਭਾਰਤ ਕਿਸੇ ਹੋਰ ਦੇਸ਼ ਦੀ ਲੋਕਤੰਤਰਿਕ ਵਿਵਸਥਾ ਵਿੱਚ ਦਖ਼ਲ ਦੇਣ ਦੀ ਨੀਤੀ ਨਹੀਂ ਰੱਖਦਾ ਅਤੇ ਕੈਨੇਡਾ ਤੋਂ ਵੀ ਇਹੀ ਉਮੀਦ ਹੈ ਕਿ ਉਹ ਭਾਰਤ ਦੇ ਸਮਾਜਿਕ, ਸੱਭਿਆਚਾਰਕ ਅਤੇ ਰਾਸ਼ਟਰੀ ਮਾਮਲਿਆਂ ਨੂੰ ਆਪਣੀ ਘਰੇਲੂ ਵੋਟ-ਬੈਂਕ ਸਿਆਸਤ ਦਾ ਸੰਦ ਨਾ ਬਣਾਏ।

ਐਨਡੀਪੀ ਲਈ ਸਵਾਲ ਬਿਲਕੁਲ ਸਿੱਧਾ ਹੈ:

ਜੇ ਆਰਐਸਐਸ ਵਿਰੁੱਧ ਸਬੂਤ ਹਨ ਤਾਂ ਸਾਹਮਣੇ ਲਿਆਓ। ਜੇ ਨਹੀਂ ਹਨ ਤਾਂ ਦੋਸ਼ਾਂ ਦੀ ਸਿਆਸਤ ਬੰਦ ਕਰੋ।

ਭਾਰਤ-ਵਿਰੋਧੀ ਆਵਾਜ਼ ਨੂੰ ਸੁਰੱਖਿਅਤ 'ਆਜ਼ਾਦੀ' ਅਤੇ ਭਾਰਤ-ਪੱਖੀ ਆਵਾਜ਼ ਨੂੰ 'ਖ਼ਤਰਾ' ਸਮਝਣਾ ਲੋਕਤੰਤਰ ਨਹੀਂ—ਇਹ ਸਿਆਸੀ ਸਹੂਲਤ ਹੈ।

ਮੋਹਨ ਭਾਗਵਤ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਐਨਡੀਪੀ ਨੂੰ ਕੈਨੇਡਾ ਵਿੱਚ ਹਿੰਸਾ, ਧਮਕੀਆਂ, ਵਿਦੇਸ਼ੀ ਦਖ਼ਲਅੰਦਾਜ਼ੀ ਅਤੇ ਅਤਿਵਾਦ ਵਰਗੀਆਂ ਅਸਲ ਚੁਣੌਤੀਆਂ 'ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣ ਦੀ ਮੰਗ ਕਰਨੀ ਚਾਹੀਦੀ ਹੈ ਕਿ ਕਾਨੂੰਨ ਵੀ ਇੱਕੋ ਹੋਵੇ ਅਤੇ ਮਾਪਦੰਡ ਵੀ ਸਭ ਲਈ ਇੱਕੋ ਹੋਣ।

ਇਹੀ ਕੈਨੇਡਾ ਦੀ ਲੋਕਤੰਤਰ ਪ੍ਰਤੀ ਵਚਨਬੱਧਤਾ, ਕਾਨੂੰਨ ਦੇ ਰਾਜ ਅਤੇ ਅਭਿਵਿਅਕਤੀ ਦੀ ਆਜ਼ਾਦੀ ਦੀ ਅਸਲ ਪਰਖ ਹੋਵੇਗੀ।

# ਪੰਜਾਬ ਵਿਚ ਪਹਿਲੀ ਵਾਰ ਆਈਪੀਐੱਲ ਦੀ ਤਰਜ਼ 'ਤੇ ਹੋਵੇਗੀ ਸ਼ੇਰ-ਏ-ਪੰਜਾਬ ਟੀ-20 ਲੀਗ

## 30 ਅਗਸਤ ਤੋਂ 13 ਸਤੰਬਰ ਤੱਕ ਮੁਹਾਲੀ ਵਿੱਚ ਕਰਵਾਏ ਜਾਣਗੇ ਮੈਚ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨਿਚਰਵਾਰ ਨੂੰ ਐਲਾਨ ਕੀਤਾ ਕਿ ਪੰਜਾਬ ਵਿਚ ਆਈ.ਪੀ.ਐੱਲ. ਦੀ ਤਰਜ਼ 'ਤੇ 'ਸ਼ੇਰ-ਏ-ਪੰਜਾਬ ਟੀ-20 ਲੀਗ' ਸ਼ੁਰੂ ਹੋਣ ਜਾ ਰਹੀ ਹੈ। ਇਹ ਲੀਗ 30 ਅਗਸਤ ਤੋਂ 13 ਸਤੰਬਰ ਤੱਕ ਮੁਹਾਲੀ ਦੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਸਟੇਡੀਅਮ ਵਿਚ ਖੇਡੀ ਜਾਵੇਗੀ।

ਇਸ ਟੂਰਨਾਮੈਂਟ 'ਚ 6 ਫਰੈਂਚਾਇਜ਼ੀ ਟੀਮਾਂ ਹਿੱਸਾ ਲੈਣਗੀਆਂ ਅਤੇ ਪੰਜਾਬ ਦੇ ਨਾਮਵਰ ਖਿਡਾਰੀ ਸ਼ੁਭਮਨ ਗਿੱਲ, ਅਰਸ਼ਦੀਪ ਸਿੰਘ, ਅਭਿਸ਼ੇਕ ਸ਼ਰਮਾ, ਪ੍ਰਭਸਿਮਰਨ ਸਿੰਘ, ਰਮਨਦੀਪ ਸਿੰਘ ਅਤੇ ਗੁਰਨੂਰ ਬਰਾੜ ਇਸ ਵਿਚ ਖੇਡਣਗੇ।

ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਹਮੇਸ਼ਾ ਤੋਂ ਦੇਸ਼ ਲਈ ਮੋਹਰੀ ਖਿਡਾਰੀ ਪੈਦਾ ਕਰਦਾ ਰਿਹਾ ਹੈ ਅਤੇ ਮੌਜੂਦਾ ਸਮੇਂ ਵਿਚ ਪੰਜਾਬ 21 ਖਿਡਾਰੀਆਂ ਨਾਲ ਭਾਰਤੀ ਕ੍ਰਿਕਟ ਟੀਮ ਦੀ ਰੀੜ੍ਹ ਦੀ ਹੱਡੀ ਬਣਿਆ ਹੋਇਆ ਹੈ। ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਸੂਬੇ ਵਿਚ ਖੇਡ ਸੱਭਿਆਚਾਰ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਨਸ਼ਿਆਂ ਵਿਰੁੱਧ ਲੜਾਈ ਵਿਚ ਖੇਡਾਂ ਨੂੰ ਸਭ ਤੋਂ ਵੱਡਾ ਹਥਿਆਰ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਲੀਗ ਵਿਚ ਸਾਰੇ ਖਿਡਾਰੀ ਪੰਜਾਬ ਦੇ ਹੀ ਹੋਣਗੇ, ਜਿਸ ਨਾਲ ਉੱਭਰਦੇ ਖਿਡਾਰੀਆਂ ਨੂੰ ਵੱਡੇ ਸਿਤਾਰਿਆਂ ਨਾਲ ਡਰੈਸਿੰਗ ਰੂਮ ਸਾਂਝਾ ਕਰਨ ਦਾ ਮੌਕਾ ਮਿਲੇਗਾ।

ਇਸ ਲੀਗ ਵਿਚ ਸ਼ਾਮਲ 6 ਟੀਮਾਂ ਅਤੇ ਉਨ੍ਹਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਖਿਡਾਰੀਆਂ ਦੇ ਨਾਵਾਂ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਫਾਜ਼ਿਲਕਾ ਫਾਲਕਨਜ਼ ਵੱਲੋਂ, ਅਰਸ਼ਦੀਪ ਸਿੰਘ ਲੁਧਿਆਣਾ ਲਾਇਨਜ਼ ਵੱਲੋਂ, ਅਭਿਸ਼ੇਕ ਸ਼ਰਮਾ ਅੰਮ੍ਰਿਤਸਰ ਸੂਰਮਾਜ਼ ਵੱਲੋਂ, ਪ੍ਰਭਸਿਮਰਨ ਸਿੰਘ ਜਲੰਧਰ ਵਾਰੀਅਰਜ਼ ਵੱਲੋਂ, ਰਮਨਦੀਪ ਸਿੰਘ ਮੁਹਾਲੀ ਕਿੰਗਜ਼ ਵੱਲੋਂ ਅਤੇ ਗੁਰਨੂਰ ਬਰਾੜ ਬਠਿੰਡਾ ਰੌਇਲਜ਼ ਵੱਲੋਂ ਖੇਡਣਗੇ।

ਇਸ ਟੂਰਨਾਮੈਂਟ ਲਈ 450 ਤੋਂ ਵੱਧ ਪੰਜਾਬੀ ਖਿਡਾਰੀਆਂ ਦਾ ਇੱਕ ਪੂਲ ਤਿਆਰ ਕੀਤਾ ਗਿਆ ਹੈ, ਜਿਨ੍ਹਾਂ ਦੀ ਨਿਲਾਮੀ 9 ਅਗਸਤ ਨੂੰ ਹੋਵੇਗੀ। ਇਨ੍ਹਾਂ ਵਿਚ ਅਨਮੋਲਪ੍ਰੀਤ ਸਿੰਘ, ਮਯੰਕ ਮਾਰਕੰਡੇ, ਨਮਨ ਧੀਰ, ਵਿਆਨ ਮਲਹੋਤਰਾ, ਇਮਾਨਜੋਤ ਸਿੰਘ ਚਾਹਲ, ਅਸ਼ਵਨੀ ਕੁਮਾਰ ਅਤੇ ਕ੍ਰਿਸ਼ ਭਗਤ ਵਰਗੇ ਪ੍ਰਮੁੱਖ ਖਿਡਾਰੀ ਸ਼ਾਮਲ ਹਨ। ਲੀਗ ਦੇ ਸਾਰੇ ਮੈਚ ਰਾਊਂਡ-ਰੌਬਿਨ ਆਧਾਰ 'ਤੇ ਖੇਡੇ ਜਾਣਗੇ ਅਤੇ ਹਰੇਕ ਟੀਮ ਅੱਠ ਲੀਗ ਮੈਚ ਖੇਡੇਗੀ।



ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਸੂਬੇ ਵਿਚ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ 'ਖੇਡਾਂ ਵਤਨ ਪੰਜਾਬ ਦੀਆਂ' ਹਰ ਸਾਲ ਕਰਵਾਈਆਂ ਜਾਂਦੀਆਂ ਹਨ ਅਤੇ 3,100 ਤੋਂ ਵੱਧ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ।

ਇਸ ਤੋਂ ਇਲਾਵਾ ਅਕਤੂਬਰ-ਨਵੰਬਰ ਵਿਚ ਪੰਜਾਬ ਪਹਿਲੀ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਵੀ ਕਰੇਗਾ। ਇਸ ਮੌਕੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ, ਸਕੱਤਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਮੀਤ ਪ੍ਰਧਾਨ ਦੀਪਕ ਬਾਲੀ ਨੇ ਮੁੱਖ ਮੰਤਰੀ ਨੂੰ ਲੀਗ ਦੇ ਲੋਗੋ ਵਾਲੀ ਟੀ-ਸ਼ਰਟ ਭੇਟ ਕੀਤੀ, ਜਦੋਂ ਕਿ ਭਾਰਤੀ ਕ੍ਰਿਕਟ ਖਿਡਾਰੀਆਂ ਨੇ ਮੁੱਖ ਮੰਤਰੀ ਨੂੰ ਸਤਿਕਾਰ ਵਜੋਂ ਕ੍ਰਿਕਟ ਬੈਟ ਅਤੇ ਬਾਲ ਭੇਟ ਕੀਤਾ।

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW!



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# ਨੋਟਾਂ ਨੂੰ ਗਿਣਦੇ ਸਮੇਂ ਥੁੱਕ ਲਾਉਣ ਦੀ ਮਾੜੀ ਆਦਤ ਬਿਮਾਰੀ ਦਾ ਕਾਰਨ ਬਣ ਸਕਦੀ ਹੈ



ਮੇਜਰ ਸਿੰਘ ਨਾਭਾ
946355962

ਇਹ ਕਿਹਾ ਜਾਂਦਾ ਹੈ ਕਿ ਤੰਦਰੁਸਤ ਸਰੀਰ ਅੰਦਰ ਹੀ ਤੰਦਰੁਸਤ ਮਨ ਹੁੰਦਾ ਹੈ ।ਇਸ ਲਈ ਸਾਨੂੰ ਤੰਦਰੁਸਤ ਰਹਿਣ ਲਈ ਆਪਣੀਆਂ ਕਈ ਆਦਤਾਂ ਨੂੰ ਸੁਧਾਰ ਲੈਣਾ ਚਾਹੀਦਾ ਹੈ। ਮੂੰਹ ਅੰਦਰਲੇ ਥੁੱਕ ਦੀ ਲਾਰ ਸਾਡੇ ਸਰੀਰ ਲਈ ਬੜੀ ਮਹੱਤਵ ਰੱਖਦੀ ਹੈ । ਜੋ ਭੋਜਨ ਨੂੰ ਨਿਗਲਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ।ਪਰ ਅਸੀਂ ਆਮ ਤੌਰ ਤੇ ਉਂਗਲ ਨੂੰ ਵਾਰ-ਵਾਰ ਥੁੱਕ ਲਾ ਕੇ ਨੋਟ ਗਿਣਤੀ ਕਰਦੇ ਹਾਂ । ਅਸੀਂ ਉਂਝ ਪਵਿੱਤਰਤਾ ਦੀ ਹਰ ਧਰਮ ਵਿੱਚ ਗੱਲ ਕਰਦੇ ਹਾਂ । ਕੀ ਅਸੀਂ ਸੋਚਦੇ ਹਾਂ ਕਿ ਜੋ ਕਰੰਸੀ ਦਾ ਅਸੀਂ ਮੱਥਾ ਟੇਕਦੇ ਹਾਂ ਕੀ ਇਹ ਸੁੱਚੀ ਹੁੰਦੀ ਹੈ। ਇਹ ਕਦੇ ਵੀ ਸੁੱਚੀ ਨਹੀਂ ਹੋ ਸਕਦੀ ਕਿਉਂ ਕਿ ਕਿੰਨੇ ਹੀ ਹੱਥਾਂ ਵਿੱਚੋਂ ਨਿਕਲ ਕੇ ਇਹ ਸਾਡੇ ਪਾਸ ਆਉਂਦੀ ਹੈ ।ਇਸੇ ਤਰ੍ਹਾਂ ਹੀ ਜਦੋਂ ਗੋਲਕਾਂ ਵਿੱਚੋਂ ਇਹ ਨੋਟ ਕੱਢ ਕੇ ਪ੍ਰਬੰਧਕਾਂ ਵਲੋਂ ਗਿਣੇ ਜਾਂਦੇ ਹਨ ਤਾਂ ਕਈ ਵਾਰੀ ਗਿਣਤੀਕਾਰ ਪਾਣੀ ਦੀ ਵਰਤੋਂ ਕਰਨ ਦੀ ਥਾ ਥੁੱਕ ਨੂੰ ਉਂਗਲੀ ਲਾ ਕੇ ਹੀ ਅਣਜਾਣੇ 'ਚ ਨੋਟ ਗਿਣਦੇ ਹਨ ਕਿਉਂ ਕਿ ਅੱਜ ਦੇ ਨੋਟ ਬਹੁਤ ਘਟੀਆ ਕੁਆਲਿਟੀ ਦੇ ਕਾਗਜ਼ ਦੇ ਬਣੇ ਹੋਏ ਹਨ ਜੋ ਆਪਸ ਵਿੱਚ ਚਿਪਕ ਜਾਂਦੇ ਹਨ, ਇਸ ਲਈ ਗਿਣਨੇ ਔਖੇ ਜਰੂਰ ਹੋ ਜਾਂਦੇ ਹਨ ।

ਜੇ ਕਿਸੇ ਨੇ ਕਿਸੇ ਤੋਂ ਖੁੱਲ੍ਹੇ ਨੋਟ ਲੈਣੇ ਹੁੰਦੇ ਹਨ ਤਾਂ ਆਮ ਕਰਕੇ ਕਈ ਸਾਥੀ ਨੋਟਾਂ ਨੂੰ ਗਿਣ ਕੇ ਦੇਣ ਸਮੇਂ ਥੁੱਕ ਲਾ ਕੇ ਵਾਰ ਵਾਰ ਗਿਣਦੇ ਆਮ ਦੇਖੇ ਜਾ ਸਕਦੇ ਹਨ ਜੋ ਬੜਾ ਅਜੀਬ ਲੱਗਦਾ ਹੈ ।ਕਈ ਦੁਕਾਨਦਾਰ ਵੀ ਜ਼ਿਆਦਾ ਨੋਟ ਹੋਣ ਕਰਕੇ ਇਹੋ ਹਰਕਤ ਨੋਟਾਂ ਦੇ ਲੈਣ ਜਾਂ ਵਾਪਿਸ ਦੇਣ ਸਮੇਂ ਕਰਦੇ ਦੇਖੇ ਜਾ ਸਕਦੇ ਹਨ । ਇਸ ਲਈ ਨੋਟ ਗਿਣਦੇ ਸਮੇਂ ਸਪੰਜ ਵਾਲੀ ਪਾਣੀ ਪਾਈ ਹੋਈ ਡੱਬੀ ਦੀ ਵਰਤੋਂ ਜਰੂਰ ਕਰਨੀ ਚਾਹੀਦੀ ਹੈ । ਮੰਗਤਿਆਂ ਨੇ ਗੰਦੇ ਮੰਦੇ ਹੱਥਾਂ ਨਾਲ ਸਿੱਕਿਆਂ ਅਤੇ ਨੋਟਾਂ ਨੂੰ ਮੰਗ ਕੇ ਕਈ ਵਾਰੀ ਗੰਦੀ ਥਾਂ ਤੇ ਜਾਂ ਗੰਦੇ ਬਰਤਨਾਂ ਵਿੱਚ ਹੀ ਰੱਖਿਆ ਹੁੰਦਾ ਹੈ।

ਮੀਟ ਵੇਚਣ ਵਾਲੇ ਨੇ, ਪਬਲਿਕ ਟੋਆਇਲਟ ਸਾਫਾਈ ਕਰਨ ਵਾਲੇ ਨੇ , ਕੂੜਾ ਚੁੱਕਣ ਵਾਲੇ ਆਦਿ ਨੂੰ ਕੰਮ ਕਰਦੇ ਹੀ ਕਰੰਸੀ ਦਾ ਲੈਣ ਦੇਣ ਕਰਨਾ ਪੈਂਦਾ ਹੈ । ਇਸ ਤਰ੍ਹਾਂ ਭਾਵੇਂ ਕਾਗਜ਼ ਦੇ ਨੋਟ ਹੋਣ ਜਾਂ ਸਿੱਕੇ ਹੋਣ ਉਨ੍ਹਾਂ ਨਾਲ ਕੀਟਾਣੂ ਗੰਦੇ ਹੱਥਾਂ ਤੋਂ ਚਿੰਬੜ ਜਾਂਦੇ ਹਨ ਜੇਕਰ ਕੋਈ ਰੋਗੀ ਲੈਣ ਦੇਣ ਕਰਦਾ ਹੈ , ਉਹ ਆਪਣੀ ਬਿਮਾਰੀ ਦੇ ਕੀਟਾਣੂ ਹੋਰਾਂ ਤੱਕ ਫੈਲਾਉਣ ਲਈ ਜਰੀਆ ਬਣਦਾ ਹੈ ।ਆਮ ਤੌਰ ਤੇ ਛੋਟੇ ਬੱਚੇ ਮੂੰਹ ਵਿੱਚ ਸਿੱਕਾ ਪਾ ਲੈਂਦੇ ਹਨ ਜੋ ਕਿੰਨੇ ਹੋ ਹੱਥਾਂ 'ਚੋਂ ਨਿਕਲ ਕੇ ਆਉਂਦਾ ਹੈ , ਜਿਸ ਨਾਲ ਵੱਖ ਵੱਖ ਕਿਸਮ ਦੇ ਕੀਟਾਣੂ ਬੱਚੇ ਨੂੰ ਬਿਮਾਰੀ ਲਾ ਸਕਦੇ ਹਨ ।ਜਰਦਾ ਖਾਣ ਵਾਲੇ ਦੇਖੇ ਗਏ ਹਨ ਜਦੋਂ ਮੂੰਹ ਵਿੱਚੋਂ ਜਰਦਾ ਕੱਢਦੇ ਹਨ ਤਾਂ ਉਹ ਬੁੱਲ੍ਹ ਦੇ ਹੇਠਾਂ ਰੱਖਿਆਂ ਹੁੰਦਾ ਹੈ ਜੋ ਉਹ ਹੱਥਾਂ ਦੀਆਂ ਉੱਗਲਾਂ ਨਾਲ ਨਸ਼ਾ ਪ੍ਰਾਪਤ ਕਰਨ ਤੋਂ ਬਾਦ ਕੱਢਦੇ ਹਨ ,ਫਿਰ ਉਹ ਹੱਥ ਵੀ ਨਹੀਂ ਧੋਂਦੇ , ਉਹ ਉਸੀ ਤਰ੍ਹਾਂ ਲੋਕਾਂ ਨਾਲ ਥੁੱਕ ਵਾਲੇ ਹੱਥ ਮਿਲਾ ਲੈਂਦੇ ਹਨ , ਚਾਹ ਪਾਣੀ ਫੜਾਉਂਦੇ ਹਨ , ਖਾਣ ਵਾਲੀਆਂ ਵਸ਼ਤਾਂ ਵੀ ਵੇਚਦੇ ਰਹਿੰਦੇ ਹਨ । ਤਾਸ ਖੇਡਣ ਵਾਲੇ ਖਿਡਾਰੀ ਤਾਸ ਦੇ ਪੱਤਿਆਂ ਨੂੰ ਵੰਡਣ ਸਮੇਂ ਥੁੱਕ ਲਾਉਂਦੇ ਦੇਖੇ ਜਾਂ ਸਕਦੇ ਹਨ। ਕਈ ਇਸ ਤਰ੍ਹਾਂ ਦੇ ਲੋਕ ਭਿਆਨਕ ਸੂਤ ਦੇ ਰੋਗ ਤੋਂ ਪੀੜ੍ਹਤ ਹੁੰਦੇ ਹਨ ਤਾਂ ਉਨ੍ਹਾਂ ਦੇ ਇਸ ਤਰ੍ਹਾਂ ਛੂਹਣ ਨਾਲ ਦੂਜਿਆਂ ਨੂੰ ਬਿਮਾਰੀ ਲੱਗਣ ਦਾ ਕਾਰਨ ਬਣ ਜਾਂਦਾ ਹੈ ।ਅਸੀਂ ਬੱਚਿਆਂ ਨੂੰ , ਸਿਆਣਿਆਂ ਨੂੰ ਪਿਆਰ ਦੇਣ ਲਈ ਮੱਥਾ ਚੁੰਮਦੇ ਹਾਂ ।

ਦੋਹਾਂ ਵਿੱਚੋਂ ਕਈ ਵਾਰੀ ਬਿਮਾਰ ਹੁੰਦਾ ਤਾਂ ਬਿਮਾਰੀ ਦੂਜੇ ਨੂੰ ਲੱਗਣ ਦਾ ਡਰ ਹੁੰਦਾ ਹੈ । ਇਸ ਤਰ੍ਹਾਂ ਪ੍ਰਹੇਜ਼ ਅਤੇ ਸਿਆਣਪ ਜਰੂਰੀ ਹੈ ।ਪਰ ਆਮ ਦੇਖਣ 'ਚ ਆਉਂਦਾ ਹੈ ਕਿ ਸੜਕਾਂ ਉੱਪਰ ਲੰਘਣ ਵਾਲੇ ਅਣਜਾਣੇ ਵਿੱਚ ਹੀ ਥੁੱਕ ਕੇ ਗਲੇ ਸਾਫ ਕਰਦੇ ਜਾਂਦੇ ਹੁੰਦੇ ਹਨ, ਕਈ ਦਾਤਣ ਕਰਦੇ ਜਾਂਦੇ ਜਿਆਦਾ ਹੀ ਥੁੱਕਣ ਦੀ ਕ੍ਰਿਆ ਕਰਦੇ ਰਹਿੰਦੇ ਹਨ ,ਉਹ ਭਾਵੇਂ ਥੁੱਕ ਕੇ ਆਪ ਤਾਂ ਲੰਘ ਜਾਂਦੇ ਹਨ ਪਰ ਪਿਛਾਂਹ ਆਉਂਦੇ ਲੋਕੀਂ ਅਣਜਾਣੇ ਵਿੱਚ ਪੈਰ ਲਬੇੜ ਕੇ ਕਈ ਕੀਟਾਣੂਆਂ ਨੂੰ ਘਰੀਂ ਲੈ ਜਾਂਦੇ ਹਨ। ਸਰਦੀਆਂ ਵਿੱਚ ਕਾਫੀ ਲੋਕ ਖੰਘ,ਬਲਗਮ ਦੀ ਜਕੜ 'ਚ ਆਏ ਹੁੰਦੇ ਜਿੰਨ੍ਹਾਂ ਨੂੰ ਸਵੇਰੇ ਸਵੇਰੇ ਅੰਦਰ ਜਮ੍ਹਾਂ ਹੋਈ ਬਲਗਮ ਤੰਗ ਕਰਦੀ ਹੈ ਤਾਂ ਉਹ ਸੜਕਾਂ 'ਤੇ ਮੋਟੀ ਮੋਟੀ ਬਲਗਮ ਖੰਗ ਦੇ ਨਾਲ ਥੁੱਕਦੇ ਰਹਿੰਦੇ ਹਨ, ਜਿਸ ਨਾਲ ਸਾਫ ਸੁੱਥਰਾ ਲੰਘ ਕੇ ਜਾਣਾ ਔਖਾ ਹੋ ਜਾਂਦਾ ਹੈ।

ਸੋ ਸਾਨੂੰ ਸਾਰਿਆਂ ਨੂੰ ਸੜਕਾਂ/ਰਸਤਿਆਂ ਤੋਂ ਪਾਸੇ ਖਾਲੀ ਥਾਂ ਜਾਂ ਕੱਚੇ ਥਾਵਾਂ ਤੇ ਥੁੱਕਣਾ ਚਾਹੀਦਾ ਹੈ ਜੇ ਹੋ ਸਕੇ ਤਾਂ ਥੁੱਕ ਉੱਪਰ ਮਿੱਟੀ ਪਾ ਦਿਉ।ਕਈ ਲੋਕ ਬਿਮਾਰ ਹੁੰਦੇ ਹਨ ਉਨ੍ਹਾਂ ਨੂੰ ਬੜੀ ਸਾਵਧਾਨੀ ਵਰਤਣੀ ਚਾਹੀਦੀ ਹੈ।ਉਨ੍ਹਾਂ ਦੇ ਥੁੱਕ ਵਿਚਲੇ ਕੀਟਾਣੂ ਹੋਰਾਂ ਦੇ ਘਰ ਜਾ ਕੇ ਬਿਮਾਰੀ ਫੈਲਾਉਣ ਦੀ ਪ੍ਰਕ੍ਰਿਆ ਕਰਦੇ ਹਨ।ਪਰ ਸਾਡੇ ਸਮਾਜ ਦੇ ਪੜ੍ਹੇ ਲਿਖੇ ਲੋਕ ਵੀ ਕਈ ਵਾਰੀ ਇਨ੍ਹਾਂ ਗੰਭੀਰ ਸਾਵਧਾਨੀਆਂ ਨੂੰ ਅਣਗੌਲੇ ਕਰਕੇ ਬਿਮਾਰੀਆਂ ਸਹੇੜ ਲੈਂਦੇ ਹਨ ਜਾਂ ਦੂਜਿਆਂ ਨੂੰ ਲਾਉਣ 'ਚ ਰੋਲ ਅਦਾ ਕਰਦੇ ਹਨ ।ਸੋ ਇਸ ਛੋਟੀ ਜਿਹੀ ਗੱਲ ਨੂੰ ਸਾਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਅਤੇ ਇਸ ਮਾੜੀ ਆਦਤ ਨੂੰ ਛੱਡ ਕੇ ਸਮਾਜ ਨੂੰ ਸਿਹਤਮੰਦ ਨਰੋਆ ਬਣਾਉਣ 'ਚ ਆਪਣਾ ਰੋਲ ਨਿਭਾਈਏ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA

Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

## ਡਤਾਈਵਰ ਵੀ ਜਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?

## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਪੰਛੀਆਂ ਦੇ ਗੀਤਾਂ ਵਿੱਚ ਮਨੁੱਖੀ ਭਾਸ਼ਾ ਦੇ ਪੈਟਰਨਾਂ ਦੀ ਝਲਕ

ਪੰਛੀਆਂ ਦੇ ਗੀਤ ਲੰਮੇ ਸਮੇਂ ਤੋਂ ਮਨੁੱਖਾਂ ਨੂੰ ਮੋਹਿਤ ਕਰਦੇ ਆਏ ਹਨ। ਜੰਗਲਾਂ, ਬਗੀਚਿਆਂ ਅਤੇ ਖੇਤਾਂ ਵਿੱਚ ਗੂੰਜਦੀਆਂ ਪੰਛੀਆਂ ਦੀਆਂ ਮਿੱਠੀਆਂ ਧੁਨਾਂ ਬਹੁਤ ਹੀ ਵਿਵਸਥਿਤ ਅਤੇ ਉਦੇਸ਼ਪੂਰਨ ਲੱਗਦੀਆਂ ਹਨ। ਸਦੀਆਂ ਤੋਂ ਮਨੁੱਖ ਇਹ ਸੋਚਦਾ ਆਇਆ ਹੈ ਕਿ ਕੀ ਇਹ ਗੀਤ ਸਿਰਫ਼ ਕੁਦਰਤੀ ਅਤੇ ਜਨਮਜਾਤ ਪੁਕਾਰਾਂ ਹਨ ਜਾਂ ਇਨ੍ਹਾਂ ਵਿੱਚ ਮਨੁੱਖੀ ਭਾਸ਼ਾ ਦੀ ਬਣਤਰ ਨਾਲ ਮਿਲਦੇ-ਜੁਲਦੇ ਕੋਈ ਪੈਟਰਨ ਵੀ ਮੌਜੂਦ ਹਨ। ਜਾਨਵਰਾਂ ਦੇ ਸੰਚਾਰ ਬਾਰੇ ਹੋ ਰਹੀ ਆਧੁਨਿਕ ਖੋਜ ਨੇ ਇਸ ਸਵਾਲ ਨੂੰ ਹੋਰ ਵੀ ਦਿਲਚਸਪ ਬਣਾ ਦਿੱਤਾ ਹੈ। ਵਿਗਿਆਨੀਆਂ ਨੇ ਪਾਇਆ ਹੈ ਕਿ ਪੰਛੀਆਂ ਦੇ ਗੀਤਾਂ ਵਿੱਚ ਕੁਝ ਅਜਿਹੇ ਅੰਕੜਾਤਮਕ ਪੈਟਰਨ ਵੀ ਮਿਲ ਸਕਦੇ ਹਨ ਜੋ ਮਨੁੱਖੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਨਾਲ ਮਿਲਦੇ ਹਨ। ਮਨੁੱਖੀ ਭਾਸ਼ਾ ਸਿਰਫ਼ ਬੇਤਰਤੀਬ ਆਵਾਜ਼ਾਂ ਦਾ ਸਮੂਹ ਨਹੀਂ ਹੈ। ਸ਼ਬਦ ਅਤੇ ਧੁਨੀਆਂ ਖਾਸ ਤਰੀਕਿਆਂ ਨਾਲ ਇਕੱਠੀਆਂ ਹੁੰਦੀਆਂ ਹਨ ਅਤੇ ਕੁਝ ਕ੍ਰਮ ਦੂਜਿਆਂ ਦੇ ਮੁਕਾਬਲੇ ਵਧੇਰੇ ਅਨੁਮਾਨਯੋਗ ਹੁੰਦੇ ਹਨ। ਭਾਸ਼ਾ-ਵਿਗਿਆਨੀਆਂ ਨੇ ਪਤਾ ਲਗਾਇਆ ਹੈ ਕਿ ਮਨੁੱਖੀ ਭਾਸ਼ਾਵਾਂ ਵਿੱਚ ਸ਼ਬਦਾਂ ਅਤੇ ਧੁਨੀਆਂ ਦੀ ਬਣਤਰ ਅਤੇ ਦੁਹਰਾਅ ਦੇ ਕੁਝ ਅੰਕੜਾਤਮਕ ਨਿਯਮ ਹੁੰਦੇ ਹਨ। ਇਸ ਦੀ ਇੱਕ ਮਹੱਤਵਪੂਰਨ ਉਦਾਹਰਨ ਜ਼ਿਪਫ਼ ਦਾ ਨਿਯਮ ਹੈ, ਜੋ ਸ਼ਬਦਾਂ ਦੇ ਵਰਤੇ ਜਾਣ ਦੀ ਆਵਿਰਤੀ ਨਾਲ ਸੰਬੰਧਿਤ ਹੈ। ਕੁਝ ਥੋੜ੍ਹੇ ਸ਼ਬਦ ਬਹੁਤ ਵਾਰ ਵਰਤੇ ਜਾਂਦੇ ਹਨ, ਜਦਕਿ ਬਹੁਤ ਸਾਰੇ ਹੋਰ ਸ਼ਬਦ ਬਹੁਤ ਘੱਟ ਵਰਤੇ ਜਾਂਦੇ ਹਨ। ਪੰਛੀਆਂ ਦੇ ਗੀਤਾਂ ਦਾ ਅਧਿਐਨ ਕਰਨ ਵਾਲੇ ਖੋਜਕਰਤਾਵਾਂ ਨੇ ਪਾਇਆ ਹੈ ਕਿ ਕੁਝ ਪੰਛੀਆਂ ਦੀਆਂ ਧੁਨੀਆਂ ਵਿੱਚ ਵੀ ਦੁਹਰਾਅ, ਕ੍ਰਮਬੱਧਤਾ ਅਤੇ ਅਨੁਮਾਨਯੋਗਤਾ ਦੇ ਵਿਵਸਥਿਤ ਪੈਟਰਨ ਮਿਲਦੇ ਹਨ। ਕੁਝ ਪ੍ਰਜਾਤੀਆਂ ਦੇ ਗੀਤ ਛੋਟੀਆਂ ਧੁਨੀ-ਇਕਾਈਆਂ ਤੋਂ ਬਣੇ ਹੁੰਦੇ ਹਨ, ਜੋ ਅੱਗੇ ਵੱਡੇ ਕ੍ਰਮਾਂ ਵਿੱਚ ਵਿਵਸਥਿਤ ਹੁੰਦੀਆਂ ਹਨ। ਇਹ ਕ੍ਰਮ ਕੁਝ ਪਛਾਣਯੋਗ ਨਿਯਮਾਂ ਦੀ ਪਾਲਣਾ ਕਰਦੇ ਦਿਖਾਈ ਦਿੰਦੇ ਹਨ। ਇਸ ਤੋਂ ਸੰਕੇਤ ਮਿਲਦਾ ਹੈ ਕਿ ਪੰਛੀ ਆਪਣੀਆਂ ਧੁਨੀਆਂ ਨੂੰ ਪੂਰੀ ਤਰ੍ਹਾਂ ਬੇਤਰਤੀਬ ਢੰਗ ਨਾਲ ਪੈਦਾ ਨਹੀਂ ਕਰਦੇ। ਪਰ ਪੰਛੀਆਂ ਦੇ ਗੀਤਾਂ ਨੂੰ ਮਨੁੱਖੀ ਭਾਸ਼ਾ ਸਮਝਣਾ ਠੀਕ ਨਹੀਂ ਹੋਵੇਗਾ। ਮਨੁੱਖੀ ਭਾਸ਼ਾ ਵਿੱਚ ਅਸਾਧਾਰਣ ਲਚਕਤਾ ਹੈ। ਅਸੀਂ ਅਣਗਿਣਤ ਵਾਕ ਬਣਾ ਸਕਦੇ ਹਾਂ, ਭੂਤਕਾਲ ਅਤੇ ਭਵਿੱਖ ਦੀਆਂ ਘਟਨਾਵਾਂ ਬਾਰੇ ਗੱਲ ਕਰ ਸਕਦੇ ਹਾਂ, ਅਮੂਰਤ ਵਿਚਾਰ ਪ੍ਰਗਟ ਕਰ ਸਕਦੇ ਹਾਂ, ਸਵਾਲ ਪੁੱਛ ਸਕਦੇ ਹਾਂ, ਕਹਾਣੀਆਂ ਸੁਣਾ ਸਕਦੇ ਹਾਂ ਅਤੇ ਉਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ ਜੋ ਉਸ ਸਮੇਂ ਸਾਡੇ ਸਾਹਮਣੇ ਮੌਜੂਦ ਨਹੀਂ ਹਨ। ਇਸ ਦੇ ਮੁਕਾਬਲੇ ਪੰਛੀਆਂ ਦੇ ਸੰਚਾਰ ਦੀ ਹੱਦ ਅਤੇ ਉਦੇਸ਼ ਆਮ ਤੌਰ ’ਤੇ ਕਾਫ਼ੀ ਸੀਮਿਤ ਹੁੰਦੇ ਹਨ। ਦੋਵਾਂ ਵਿੱਚ ਸਮਾਨਤਾ ਮੁੱਖ ਤੌਰ ’ਤੇ ਪੈਟਰਨ ਅਤੇ ਵਿਵਸਥਾ ਵਿੱਚ ਹੈ, ਨਾ ਕਿ ਅਰਥ ਵਿੱਚ। ਕਿਸੇ ਪੰਛੀ ਦੇ ਗੀਤ ਵਿੱਚ ਧੁਨੀ ਦੀਆਂ ਇਕਾਈਆਂ ਕੁਝ ਖਾਸ ਸੰਭਾਵਨਾਵਾਂ ਅਨੁਸਾਰ ਦੁਹਰਾਈਆਂ ਅਤੇ ਵਿਵਸਥਿਤ ਕੀਤੀਆਂ ਜਾ ਸਕਦੀਆਂ ਹਨ। ਕੁਝ ਕ੍ਰਮ ਆਮ ਹੋ ਸਕਦੇ ਹਨ, ਜਦਕਿ ਕੁਝ ਬਹੁਤ ਘੱਟ ਸੁਣਾਈ ਦੇ ਸਕਦੇ ਹਨ। ਇਸ ਤਰ੍ਹਾਂ ਦੀ ਬਣਤਰ ਵਿਗਿਆਨੀਆਂ ਨੂੰ ਇਹ ਸਮਝਣ ਵਿੱਚ ਮਦਦ ਕਰ ਸਕਦੀ ਹੈ ਕਿ ਗੁੰਝਲਦਾਰ ਸੰਚਾਰ ਪ੍ਰਣਾਲੀਆਂ ਕਿਵੇਂ ਵਿਕਸਿਤ ਹੁੰਦੀਆਂ ਹਨ ਅਤੇ ਦਿਮਾਗ ਵਿਵਸਥਿਤ ਧੁਨੀਆਂ ਨੂੰ ਕਿਵੇਂ ਪ੍ਰਕਿਰਿਆ ਕਰਦਾ ਹੈ।

ਪੰਛੀਆਂ ਦੇ ਗੀਤ ਵਿਗਿਆਨਕ ਖੋਜ ਲਈ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਕਈ ਪੰਛੀ ਆਪਣੀਆਂ ਧੁਨੀਆਂ ਸਿੱਖਦੇ ਅਤੇ ਪੈਦਾ ਕਰਦੇ ਹਨ, ਜਿਸਦਾ ਪ੍ਰਯੋਗਾਤਮਕ ਅਧਿਐਨ ਕੀਤਾ ਜਾ ਸਕਦਾ ਹੈ। ਕਈ ਗਾਇਕ ਪੰਛੀਆਂ ਦੀਆਂ ਨੌਜਵਾਨ ਪੀੜ੍ਹੀਆਂ ਆਪਣੇ ਵੱਡੇ ਪੰਛੀਆਂ ਤੋਂ ਗੀਤ ਦੇ ਕੁਝ ਹਿੱਸੇ ਸਿੱਖਦੀਆਂ ਹਨ। ਇਹ ਕੁਝ ਹੱਦ ਤੱਕ ਉਸ ਤਰੀਕੇ ਵਰਗਾ ਹੈ ਜਿਸ ਤਰ੍ਹਾਂ ਮਨੁੱਖੀ ਬੱਚੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਸੁਣ ਕੇ ਭਾਸ਼ਾ ਸਿੱਖਦੇ ਹਨ। ਇਸ ਲਈ ਪੰਛੀਆਂ ਦੇ ਗੀਤ ਸਿੱਖਣ ਦੀ ਪ੍ਰਕਿਰਿਆ ਸਿੱਖਣ, ਯਾਦਦਾਸ਼ਤ, ਨਕਲ ਅਤੇ ਸੰਚਾਰ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਮਾਡਲ ਬਣ ਗਈ ਹੈ। ਪੰਛੀਆਂ ਦੇ ਗੀਤਾਂ ਦਾ ਅਧਿਐਨ ਸੰਚਾਰ ਅਤੇ ਭਾਸ਼ਾ ਵਿਚਕਾਰ ਇੱਕ ਮਹੱਤਵਪੂਰਨ ਅੰਤਰ ਨੂੰ ਵੀ ਉਜਾਗਰ ਕਰਦਾ ਹੈ। ਬਹੁਤ ਸਾਰੇ ਜੀਵ ਸੰਚਾਰ ਕਰਦੇ ਹਨ। ਮਧੂਮੱਖੀਆਂ ਆਪਣੇ ਨਾਚ ਰਾਹੀਂ ਖੁਰਾਕ ਦੇ ਸਰੋਤਾਂ ਬਾਰੇ ਜਾਣਕਾਰੀ ਦਿੰਦੀਆਂ ਹਨ। ਵ੍ਹੇਲ ਮੱਛੀਆਂ ਜਟਿਲ ਧੁਨੀਆਂ ਪੈਦਾ ਕਰਦੀਆਂ ਹਨ। ਪ੍ਰਾਈਮੇਟ ਜੀਵ ਵੱਖ-ਵੱਖ ਪੁਕਾਰਾਂ ਅਤੇ ਹਾਵ-ਭਾਵਾਂ ਦੀ ਵਰਤੋਂ ਕਰਦੇ ਹਨ। ਪੰਛੀ ਸਾਥੀ ਨੂੰ ਆਕਰਸ਼ਿਤ ਕਰਨ, ਆਪਣੇ ਖੇਤਰ ਦੀ ਰੱਖਿਆ ਕਰਨ, ਖ਼ਤਰੇ ਦੀ ਚੇਤਾਵਨੀ ਦੇਣ ਜਾਂ ਸਮਾਜਿਕ ਸੰਪਰਕ ਬਣਾਈ ਰੱਖਣ ਲਈ ਵੱਖ-ਵੱਖ ਧੁਨੀਆਂ ਵਰਤਦੇ ਹਨ। ਇਸ ਲਈ ਸੰਚਾਰ ਕੁਦਰਤ ਵਿੱਚ ਵਿਆਪਕ ਹੈ। ਪਰ ਮਨੁੱਖੀ ਭਾਸ਼ਾ ਸੰਚਾਰ ਨੂੰ ਪ੍ਰਤੀਕਾਤਮਕ ਅਰਥ ਅਤੇ ਅਸਾਧਾਰਣ ਰਚਨਾਤਮਕਤਾ ਨਾਲ ਜੋੜਦੀ ਹੈ। ਭਾਸ਼ਾ ਦੇ ਥੋੜ੍ਹੇ ਜਿਹੇ ਤੱਤਾਂ ਨੂੰ ਅਣਗਿਣਤ ਤਰੀਕਿਆਂ ਨਾਲ ਜੋੜ ਕੇ ਨਵੇਂ ਅਰਥ ਪੈਦਾ ਕੀਤੇ ਜਾ ਸਕਦੇ ਹਨ। ਇਹ ਸਮਰੱਥਾ ਮਨੁੱਖੀ ਭਾਸ਼ਾ ਨੂੰ ਬੇਹੱਦ ਸ਼ਕਤੀਸ਼ਾਲੀ ਬਣਾਉਂਦੀ ਹੈ। ਫਿਰ ਵੀ ਪੰਛੀਆਂ ਦੇ ਗੀਤਾਂ ਵਿੱਚ ਭਾਸ਼ਾ ਵਰਗੇ ਅੰਕੜਾਤਮਕ ਪੈਟਰਨਾਂ ਦੀ ਖੋਜ ਵਿਗਿਆਨਕ ਪੱਖੋਂ ਬਹੁਤ ਮਹੱਤਵਪੂਰਨ ਹੈ। ਇਹ ਸੰਕੇਤ ਦਿੰਦੀ ਹੈ ਕਿ ਵਿਵਸਥਿਤ ਸੰਚਾਰ ਦੇ ਕੁਝ ਸਿਧਾਂਤ ਸ਼ਾਇਦ ਸਿਰਫ਼ ਮਨੁੱਖਾਂ ਤੱਕ ਸੀਮਿਤ ਨਹੀਂ ਹਨ। ਇਸ ਦੀ ਬਜਾਏ, ਕ੍ਰਮ ਸਿੱਖਣ, ਧੁਨੀਆਂ ਨੂੰ ਵਿਵਸਥਿਤ ਕਰਨ ਅਤੇ ਉਨ੍ਹਾਂ ਦੀ ਭਵਿੱਖਬਾਣੀ ਕਰਨ ਦੇ ਕੁਝ ਬੁਨਿਆਦੀ ਗੁਣ ਉਨ੍ਹਾਂ ਜੀਵਾਂ ਵਿੱਚ ਵੀ ਵਿਕਸਿਤ ਹੋ ਸਕਦੇ ਹਨ ਜਿਨ੍ਹਾਂ ਨੂੰ ਗੁੰਝਲਦਾਰ ਧੁਨੀ ਸੰਕੇਤ ਸਿੱਖਣ ਅਤੇ ਪੈਦਾ ਕਰਨੇ ਪੈਂਦੇ ਹਨ। ਪੰਛੀਆਂ ਦੇ ਗੀਤ ਮਨੁੱਖੀ ਬੋਲੀ ਦੀਆਂ ਜੈਵਿਕ ਬੁਨਿਆਦਾਂ ਨੂੰ ਸਮਝਣ ਵਿੱਚ ਵੀ ਵਿਗਿਆਨੀਆਂ ਦੀ ਮਦਦ ਕਰ ਸਕਦੇ ਹਨ। ਗਾਇਕ ਪੰਛੀਆਂ ਵਿੱਚ ਧੁਨੀਆਂ ਸਿੱਖਣ ਅਤੇ ਪੈਦਾ ਕਰਨ ਨਾਲ ਜੁੜੇ ਦਿਮਾਗੀ ਤੰਤਰ ਗੁੰਝਲਦਾਰ ਕ੍ਰਮਾਂ ਨੂੰ ਸਿੱਖਣ ਦੀ ਪ੍ਰਕਿਰਿਆ ਦਾ ਅਧਿਐਨ ਕਰਨ ਲਈ ਮਹੱਤਵਪੂਰਨ ਮਾਡਲ ਬਣੇ ਹਨ। ਖੋਜਕਰਤਾ ਇਹ ਸਮਝਣ ਦੀ ਕੋਸ਼ਿਸ਼ ਕਰ ਸਕਦੇ ਹਨ ਕਿ ਤਜਰਬਾ ਦਿਮਾਗੀ ਤੰਤਰਾਂ ਨੂੰ ਕਿਵੇਂ ਬਦਲਦਾ ਹੈ ਅਤੇ ਦਿਮਾਗ ਸਿੱਖੇ ਹੋਏ ਪੈਟਰਨਾਂ ਨੂੰ ਕਿਵੇਂ ਯਾਦ ਰੱਖਦਾ ਅਤੇ ਦੁਬਾਰਾ ਪੇਸ਼ ਕਰਦਾ ਹੈ। ਇਸ ਨਾਲ ਇੱਕ ਵਿਕਾਸਵਾਦੀ ਸਵਾਲ ਵੀ ਜੁੜਿਆ ਹੋਇਆ ਹੈ। ਕੀ ਪੰਛੀਆਂ ਦੇ ਗੀਤਾਂ ਅਤੇ ਮਨੁੱਖੀ ਭਾਸ਼ਾ ਵਿਚਕਾਰ ਮਿਲਦੇ-ਜੁਲਦੇ ਗੁਣ ਸਾਂਝੇ ਜੈਵਿਕ ਸਿਧਾਂਤਾਂ ਕਾਰਨ ਪੈਦਾ ਹੋਏ ਹਨ ਜਾਂ ਵੱਖ-ਵੱਖ ਪ੍ਰਜਾਤੀਆਂ ਨੇ ਗੁੰਝਲਦਾਰ ਧੁਨੀ ਸੰਚਾਰ ਸਿੱਖਣ ਦੀ ਚੁਣੌਤੀ ਦਾ ਸਾਹਮਣਾ ਕਰਦਿਆਂ ਸੁਤੰਤਰ ਤੌਰ ’ਤੇ ਮਿਲਦੇ-ਜੁਲਦੇ ਹੱਲ ਵਿਕਸਿਤ ਕੀਤੇ ਹਨ? ਪੰਛੀਆਂ ਅਤੇ ਮਨੁੱਖਾਂ ਵਿਚਕਾਰ ਵਿਕਾਸਵਾਦੀ ਦੂਰੀ ਬਹੁਤ ਵੱਡੀ ਹੈ। ਇਸ ਲਈ ਉਨ੍ਹਾਂ ਦੀਆਂ ਸੰਚਾਰ ਪ੍ਰਣਾਲੀਆਂ ਵਿੱਚ ਮਿਲਦੀਆਂ ਕੁਝ ਸਮਾਨਤਾਵਾਂ ਵਿਗਿਆਨ ਲਈ ਵਿਸ਼ੇਸ਼ ਤੌਰ ’ਤੇ ਦਿਲਚਸਪ ਹੋ ਸਕਦੀਆਂ ਹਨ।

ਇਸ ਦਾ ਇਹ ਅਰਥ ਨਹੀਂ ਕਿ ਪੰਛੀ ਗੁਪਤ ਰੂਪ ਵਿੱਚ ਮਨੁੱਖੀ ਭਾਸ਼ਾਵਾਂ ਬੋਲ ਰਹੇ ਹਨ। ਇਸ ਤੋਂ ਵੱਧ ਦਿਲਚਸਪ ਗੱਲ ਇਹ ਹੈ ਕਿ ਗੁੰਝਲਦਾਰ ਸੰਚਾਰ ਸਿੱਖਣ, ਅਨੁਮਾਨ, ਦੁਹਰਾਅ ਅਤੇ ਵਿਵਸਥਾ ਵਰਗੇ ਸਾਂਝੇ ਸਿਧਾਂਤਾਂ ਦੁਆਰਾ ਪ੍ਰਭਾਵਿਤ ਹੋ ਸਕਦਾ ਹੈ। ਇਸ ਲਈ ਪੰਛੀਆਂ ਦੇ ਗੀਤ ਸੰਚਾਰ ਦੇ ਵਿਗਿਆਨ ਨੂੰ ਸਮਝਣ ਲਈ ਇੱਕ ਦਿਲਚਸਪ ਖਿੜਕੀ ਖੋਲ੍ਹਦੇ ਹਨ। ਜੋ ਧੁਨ ਸਾਡੇ ਕੰਨਾਂ ਨੂੰ ਸਧਾਰਨ ਲੱਗ ਸਕਦੀ ਹੈ, ਉਸ ਵਿੱਚ ਅਜਿਹੇ ਗੁੰਝਲਦਾਰ ਪੈਟਰਨ ਹੋ ਸਕਦੇ ਹਨ ਜਿਨ੍ਹਾਂ ਦਾ ਵਿਗਿਆਨੀ ਗਣਿਤਕ ਅਤੇ ਭਾਸ਼ਾਈ ਤਰੀਕਿਆਂ ਨਾਲ ਵਿਸ਼ਲੇਸ਼ਣ ਕਰ ਸਕਦੇ ਹਨ। ਸੁੰਦਰ ਸੁਰਾਂ ਦਾ ਇੱਕ ਕ੍ਰਮ ਅਸਲ ਵਿੱਚ ਸਿੱਖਣ ਅਤੇ ਭਵਿੱਖਬਾਣੀ ਦੀਆਂ ਉੱਚ ਪੱਧਰੀ ਪ੍ਰਕਿਰਿਆਵਾਂ ਨੂੰ ਦਰਸਾ ਸਕਦਾ ਹੈ। ਅਗਲੀ ਵਾਰ ਜਦੋਂ ਅਸੀਂ ਆਪਣੀ ਖਿੜਕੀ ਦੇ ਬਾਹਰ ਕਿਸੇ ਪੰਛੀ ਨੂੰ ਗਾਉਂਦੇ ਸੁਣੀਏ ਤਾਂ ਸਾਨੂੰ ਕੁਝ ਪਲ ਰੁਕ ਕੇ ਉਸਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ। ਅਸੀਂ ਸ਼ਾਇਦ ਉਸਦਾ ਸੰਦੇਸ਼ ਨਾ ਸਮਝ ਸਕੀਏ, ਪਰ ਵਿਗਿਆਨ ਲਗਾਤਾਰ ਇਹ ਦਰਸਾ ਰਿਹਾ ਹੈ ਕਿ ਉਸਦਾ ਗੀਤ ਸਿਰਫ਼ ਬੇਤਰਤੀਬ ਧੁਨੀਆਂ ਦਾ ਸਮੂਹ ਨਹੀਂ ਹੈ। ਇਸ ਵਿੱਚ ਬਣਤਰ, ਨਿਯਮਿਤਤਾ ਅਤੇ ਅਜਿਹੇ ਪੈਟਰਨ ਹੋ ਸਕਦੇ ਹਨ ਜੋ ਸਾਨੂੰ ਮਨੁੱਖਤਾ ਦੀਆਂ ਸਭ ਤੋਂ ਅਦਭੁਤ ਸਮਰੱਥਾਵਾਂ ਵਿੱਚੋਂ ਇੱਕ ਧੁਨੀਆਂ ਨੂੰ ਵਿਵਸਥਿਤ ਸੰਚਾਰ ਵਿੱਚ ਬਦਲਣ ਦੀ ਯੋਗਤਾ ਦੀ ਯਾਦ ਦਿਵਾਉਂਦੇ ਹਨ। ਪੰਛੀਆਂ ਦੇ ਗੀਤ ਇਹ ਸਾਬਤ ਨਹੀਂ ਕਰਦੇ ਕਿ ਪੰਛੀਆਂ ਕੋਲ ਮਨੁੱਖੀ ਭਾਸ਼ਾ ਹੈ। ਪਰ ਇਹ ਸਾਨੂੰ ਜ਼ਰੂਰ ਯਾਦ ਦਿਵਾਉਂਦੇ ਹਨ ਕਿ ਗੁੰਝਲਦਾਰ ਸੰਚਾਰ ਦੀਆਂ ਬੁਨਿਆਦਾਂ ਕੁਦਰਤ ਵਿੱਚ ਸਾਡੀ ਪਹਿਲਾਂ ਦੀ ਸੋਚ ਨਾਲੋਂ ਕਿਤੇ ਵੱਧ ਵਿਆਪਕ ਹੋ ਸਕਦੀਆਂ ਹਨ। ਪੰਛੀਆਂ ਦੇ ਗੀਤਾਂ ਵਿੱਚ ਵਿਗਿਆਨੀ ਮਨੁੱਖੀ ਭਾਸ਼ਾ ਨਹੀਂ, ਸਗੋਂ ਉਨ੍ਹਾਂ ਸੰਗਠਨਾਤਮਕ ਸਿਧਾਂਤਾਂ ਦੀ ਦਿਲਚਸਪ ਝਲਕ ਲੱਭ ਰਹੇ ਹਨ ਜੋ ਭਾਸ਼ਾ ਨੂੰ ਸੰਭਵ ਬਣਾਉਂਦੇ ਹਨ।







WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Pal Films
Production
All Your Photo/Videography &
Post Production needs Under One Roof
RED PRO
5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ ਟਰੱਕ Repair Shop ਅਤੇ TYRE SHOP ਵੀ ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307



ਬਰਜਿੰਦਰ ਕੌਰ ਬਿਸਰਾਓ
99889-01324

# ਰੱਬ ਦਾ ਫੈਸਲਾ

ਨਰਿੰਦਰ ਹੁਣ ਰਿਟਾਇਰ ਹੋ ਚੁੱਕੀ ਸੀ। ਆਪਣੇ ਘਰ ਦੀ ਬਗੀਚੀ ਵਿੱਚ ਬੈਠੀ ਵਿਹਲੇ ਪਲਾਂ ਦਾ ਆਨੰਦ ਮਾਣ ਰਹੀ ਸੀ ਤੇ ਸਕੂਲ ਵਿੱਚ ਬਿਤਾਏ ਪਲਾਂ ਨੂੰ ਚੇਤੇ ਕਰਦਿਆਂ ਅਚਾਨਕ ਉਸ ਨੂੰ ਗੁਰਜੀਤ ਦੀ ਯਾਦ ਆ ਗਈ। ਤਿੰਨ ਕੁ ਦਹਾਕੇ ਪਹਿਲਾਂ ਦੀ ਗੱਲ ਹੈ ਕਿ ਗੁਰਜੀਤ ਵੀ ਉਸ ਨਾਲ਼ ਸਕੂਲ ਵਿੱਚ ਗਣਿਤ ਦੀ ਅਧਿਆਪਕਾ ਸੀ। ਉਹ ਪੈਂਤੀ ਵਰ੍ਹਿਆਂ ਦੀ ਹੋ ਗਈ ਸੀ ਪਰ ਹਜੇ ਉਸ ਦਾ ਵਿਆਹ ਨਹੀਂ ਹੋਇਆ ਸੀ ਜਾਂ ਉਸ ਨੇ ਕਰਵਾਇਆ ਨਹੀਂ ਸੀ। ਉਹ ਮਾਪਿਆਂ ਦੀ ਇਕਲੌਤੀ ਧੀ ਸੀ। ਉਸ ਦੇ ਵਿਆਹ ਵਿੱਚ ਦੇਰੀ ਹੋਣ ਦਾ ਕਾਰਨ ਵੀ ਸ਼ਾਇਦ ਇਹੀ ਸੀ ਕਿ ਉਹ ਅਤੇ ਉਸ ਦੇ ਮਾਪੇ ਕੋਈ ਇਹੋ ਜਿਹਾ ਮੁੰਡਾ ਲੱਭਦੇ ਸਨ ਜੋ ਘਰ ਜਵਾਈ ਬਣ ਕੇ ਰਹਿ ਸਕੇ। ਵੈਸੇ ਵੀ ਕੁੜੀਆਂ ਵੱਧ ਪੜ੍ਹ ਲਿਖ ਜਾਣ ਤਾਂ ਵੀ ਬਰਾਬਰ ਦਾ ਪੜ੍ਹਿਆ ਮੁੰਡਾ ਲੱਭਣਾ ਔਖਾ ਹੁੰਦਾ ਹੈ। ਗੁਰਜੀਤ ਦੇ ਮਾਪੇ ਸਿੱਧੇ ਸਾਦੇ ਜਿਹੇ ਬੰਦੇ ਸਨ। ਉਹਨਾਂ ਨੂੰ ਕੋਈ ਬਹੁਤਾ ਵ਼ਲ ਫੇਰ ਵੀ ਨਹੀਂ ਸੀ ਆਉਂਦਾ। ਉਹ ਮਿਹਨਤ ਮਜ਼ਦੂਰੀ ਕਰਕੇ ਖਾਣ ਵਾਲੇ ਬੰਦੇ ਸਨ। ਉਹਨਾਂ ਦੇ ਬੁਢਾਪੇ ਦਾ ਸਹਾਰਾ ਤਾਂ ਉਹੀ ਸੀ ,ਇਸ ਲਈ ਉਸ ਨੇ ਬਹੁਤ ਕੁਝ ਸੋਚ ਕੇ ਹੀ ਐਨੀ ਉਮਰ ਲੰਘਾ ਲਈ ਸੀ।

ਇੱਕ ਦਿਨ ਗੁਰਜੀਤ ਸਕੂਲ ਮਠਿਆਈ ਦਾ ਡੱਬਾ ਲੈ ਕੇ ਆਈ ਤੇ ਉਹ ਸਾਰੇ ਸਟਾਫ ਦਾ ਮੂੰਹ ਮਿੱਠਾ ਕਰਵਾ ਰਹੀ ਸੀ ਕਿਉਂਕਿ ਉਸ ਦੀ ਮੰਗਣੀ ਹੋ ਗਈ ਸੀ । ਉਸ ਦੇ ਸਾਰੇ ਸਹਿ ਅਧਿਆਪਕ ਜਿਵੇਂ ਮਠਿਆਈ ਦਾ ਪੀਸ ਚੁੱਕਦੇ ਤੇ ਵਧਾਈਆਂ ਦੇ ਕੇ ਨਾਲ ਹੀ ਪੁੱਛਦੇ,"ਹੁਣ ਮੈਡਮ , ਵਿਆਹ ਕਦੋਂ ਦਿਖਾਉਣਾ...?" "ਵਿਆਹ ਅਗਲੇ ਸਾਲ ਫਰਵਰੀ ਵਿੱਚ ਕਰਨਾ..." ਕਹਿ ਕੇ ਉਹ ਅਗਾਂਹ ਅਗਾਂਹ ਮੂੰਹ ਮਿੱਠਾ ਕਰਵਾਈ ਤੁਰੀ ਜਾਂਦੀ। ਹੁਣ ਮਾਰਚ ਦਾ ਮਹੀਨਾ ਸੀ , ਸਾਰੀਆਂ ਆਧਿਆਪਕਾਂ ਨਾ਼ਲੇ ਮੂੰਹ ਮਿੱਠਾ ਕਰੀ ਜਾਂਦੀਆਂ ਨਾ਼ਲੇ ਆਪਸ ਵਿੱਚ ਘੁਸਰ ਮੁਸਰ ਕਰਦੀਆਂ,"ਹਜੇ ਸਾਲ ਪਿਆ,ਕੋਈ ਕਸਰ ਸੀ ਹੋਰ ਲੇਟ ਕਰਨ ਦੀ...?"ਗੁਰਜੀਤ ਨੇ ਵੀ ਮੁੰਡੇ ਜਾਂ ਉਸ ਦੇ ਪਰਿਵਾਰ ਬਾਰੇ ਕੋਈ ਬਹੁਤਾ ਕੁਛ ਨਾ ਦੱਸਿਆ।

ਸਕੂਲ ਦਾ ਚਪੜਾਸੀ ਵੀ ਉਹਨਾਂ ਦੀ ਗ਼ਲੀ ਵਿੱਚ ਰਹਿੰਦਾ ਸੀ। ਕੋਈ ਕੋਈ ਟੀਚਰਾਂ ਉਹਦੇ ਤੋਂ ਭੇਦ ਲੈਣ ਲਈ ਪੁੱਛਦੀਆਂ,"ਬੰਤਿਆ, ਤੂੰ ਤਾਂ ਮੁੰਡਾ ਦੇਖਿਆ ਹੋਊ,ਕਿਹੇ ਜਿਹਾ?" ਉਹ ਵੀ ਦੱਸਦਾ," ਗ਼ਲੀ ਵਿੱਚ ਤਾਂ ਕਿਸੇ ਨੂੰ ਪਤਾ ਹੀ ਨਹੀਂ ਉਸ ਦੇ ਰਿਸ਼ਤੇ ਬਾਰੇ ,ਸਾਡੇ ਘਰ ਚਾਰ ਲੱਡੂ ਦੇਣ ਜ਼ਰੂਰ ਆਈ ਸੀ ਮੈਡਮ ਜੀ ਦੀ ਮਾਤਾ। ਇੱਕ ਢਿੱਡਲ ਜਿਹਾ ਅੱਧਖੜ੍ਹ ਉਮਰ ਦਾ ਬੰਦਾ ਜ਼ਰੂਰ ਅੱਜ ਕੱਲ੍ਹ ਇਹਨਾਂ ਦੇ ਘਰੇ ਆਉਂਦਾ। ਉਹਦੇ ਬਾਰੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਨੇ।" ਗੁਰਜੀਤ ਨੇ ਵੀ ਉਸ ਦੀ ਕੋਈ ਫੋਟੋ ਤੱਕ ਕਿਸੇ ਨੂੰ ਨਹੀਂ ਸੀ ਦਿਖਾਈ ਜਿਸ ਨਾਲ ਉਹ ਮੰਗੀ ਸੀ।

ਅਗਲਾ ਸਾਲ ਵੀ ਚੜ੍ਹ ਗਿਆ। ਜਗਜੀਤ ਨੇ ਜਨਵਰੀ ਵਿੱਚ ਹੀ ਸਭ ਨੂੰ ਮੂੰਹ ਜ਼ਬਾਨੀ ਸੱਦਾ ਦਿੱਤਾ ਕਿ ਪੰਦਰਾਂ ਫਰਵਰੀ ਨੂੰ ਉਸ ਦਾ ਵਿਆਹ ਹੈ। ਘਰ ਵਿੱਚ ਹੀ ਵਿਆਹ ਦਾ ਪ੍ਰੋਗਰਾਮ ਹੋਣਾ ਸੀ ਕਿਉਂਕਿ ਉਦੋਂ ਪੈਲੇਸਾਂ ਵਿੱਚ ਵਿਆਹ ਕਰਨ ਦਾ ਰਿਵਾਜ ਨਹੀਂ ਸੀ। ਕੁੜੀ ਦੇ ਘਰ ਹੀ ਆਨੰਦ ਕਾਰਜ ਕਰਵਾ ਕੇ ਘਰ ਵਿੱਚ ਹੀ ਟੈਂਟ ਲਾ ਕੇ ਜਾਂ ਨੇੜੇ ਤੇੜੇ ਦੀ ਧਰਮਸ਼ਾਲਾ ਵਿੱਚ ਹੀ ਬਰਾਤੀਆਂ ਦੀ ਰੋਟੀ ਪਾਣੀ ਦਾ ਪ੍ਰਬੰਧ ਕੀਤਾ ਜਾਂਦਾ ਸੀ। ਵਿਆਹ ਤੋਂ ਇੱਕ ਦਿਨ ਪਹਿਲਾਂ ਸਾਰੀਆਂ ਟੀਚਰਾਂ ਇਕੱਠੀਆਂ ਹੋ ਕੇ ਸ਼ਾਮ ਨੂੰ ਸ਼ਗਨ ਦੇਣ ਗਈਆਂ ਤਾਂ ਸਾਰੀਆਂ ਇਹ ਦੇਖ ਕੇ ਹੱਕੀਆਂ ਬੱਕੀਆਂ ਰਹਿ ਗਈਆਂ ਕਿ ਉਹਨਾਂ ਦੇ ਘਰ ਤਾਂ ਕੋਈ ਵਿਆਹ ਵਾ਼ਲਾ ਮਾਹੌਲ ਨਹੀਂ ਸੀ। ਨਾ ਟੈਂਟ ਲੱਗੇ ਹੋਏ ਸਨ ਨਾ ਕੋਈ ਭੱਠੀ ਚੜ੍ਹੀ ਹੋਈ ਸੀ। ਉਹ ਝਿਜਕਦੇ ਝਿਜਕਦੇ ਘਰ ਅੰਦਰ ਦਾਖਲ ਹੋਈਆਂ ਤਾਂ ਸਾਹਮਣੇ ਓਹਦੀ ਮਾਂ ਇੱਕ ਪੀੜ੍ਹੀ ਤੇ ਬੈਠੀ ਸੀ ਤੇ ਗੁਰਜੀਤ ਸਾਹਮਣੇ ਹੀ ਇੱਕ ਕਮਰੇ ਵਿੱਚ ਉਦਾਸ ਬੈਠੀ ਡੁਸਕੀਆਂ ਲੈ ਰਹੀ ਸੀ। ਗੁਰਜੀਤ ਦੀ ਮੰਮੀ ਨੇ ਸਾਰਿਆਂ ਦੇ ਬੈਠਣ ਲਈ ਵਿਹੜੇ ਵਿੱਚ ਈ ਮੰਜਾ ਡਾਹਿਆ। ਗੁਰਜੀਤ ਵੀ ਉੱਠ ਕੇ ਉੱਥੇ ਹੀ ਆ ਗਈ।

ਮਾਹੌਲ ਇਸ ਤਰ੍ਹਾਂ ਦਾ ਸੀ ਕਿ ਇੰਝ ਲੱਗਦਾ ਸੀ ਕਿ ਉਹ ਸਭ ਵਿਆਹ ਤੇ ਨਾ ਸਗੋਂ ਅਫ਼ਸੋਸ ਕਰਨ ਆਈਆਂ ਹੋਣ। ਵਿੱਚੋਂ ਹੀ ਇੱਕ ਸਿਆਣੀ ਉਮਰ ਦੀ ਅਧਿਆਪਕਾ ਨੇ ਪੁੱਛਿਆ,"ਸੁੱਖ ਤਾਂ ਹੈ?" ਕੁਛ ਦੇਰ ਗਹਿਰੀ ਚੁੱਪ ਰਹੀ ,ਸਾਰੇ ਨੀਵੀਂ ਪਾਈ ਬੈਠੇ ਉਸ ਬੁਝਾਰਤ ਦੇ ਜਵਾਬ ਦਾ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਇਸੇ ਚੁੱਪ ਦੇ ਦੌਰਾਨ ਚਾਰ ਪੰਜ ਤ੍ਰੀਮਤਾਂ ਹੋਰ ਆ ਗਈਆਂ। ਉਹਨਾਂ ਦੇ ਵੀ ਨਵੇਂ ਸੂਟ ਪਾਏ ਹੋਏ ਸਨ। ਉਹਨਾਂ ਦਾ ਵੀ ਉਹੀ ਸਵਾਲ ਸੀ ਜੋ ਹੁਣੇ ਇਹ ਪੁੱਛ ਕੇ ਹਟੀਆਂ ਸਨ। ਗੁਰਜੀਤ ਦੀ ਮੰਮੀ ਨੇ ਆਪਣੀ ਚੁੱਪ ਤੋੜਦਿਆਂ ਆਖਿਆ," ਪਰਸੋਂ ਮੁੰਡੇ ਦਾ ਐਕਸੀਡੈਂਟ ਹੋ ਗਿਆ,ਉਹ ਸਕੂਟਰ ਤੇ ਜਾਂਦਾ ਸੀ, ਡਿੱਗ ਕੇ ਦੋਵੇਂ ਲੱਤਾਂ ਟੁੱਟ ਗਈਆਂ। ਪਲਸਤਰ ਲੱਗਿਆ ਦੋਵੇਂ ਲੱਤਾਂ ਤੇ,ਛੇ ਮਹੀਨੇ ਲੱਗ ਜਾਣੇ ਆ, ਡਾਕਟਰ ਕਹਿੰਦੇ"ਕਹਿਕੇ ਚੁੱਪ ਕਰ ਗਈ। ਇਸ ਕਹਾਣੀ ਵਿੱਚ ਉਹਨਾਂ ਨੂੰ ਦਰਦ ਘੱਟ ਇੱਜ਼ਤ ਬਚਾਉਣ ਦਾ ਪੈਂਤੜਾ ਵੱਧ ਨਜ਼ਰ ਆ ਰਿਹਾ ਸੀ। ਇੱਕ ਹੋਰ ਮਹਿਮਾਨ ਆਈ ਓਹਨਾਂ ਦੀ ਕੋਈ ਰਿਸ਼ਤੇਦਾਰ ਔਰਤ ਨੇ ਸਟੀਲ ਦੇ ਗਲਾਸਾਂ ਵਿੱਚ ਥੋੜ੍ਹੀ ਥੋੜ੍ਹੀ ਚਾਹ ਉਹਨਾਂ ਸਭ ਨੂੰ ਲਿਆ ਕੇ ਦਿੱਤੀ। ਕਿਸੇ ਨੇ ਚਾਹ ਪੀਤੀ ਤੇ ਕਿਸੇ ਨੇ ਅੱਧ ਪਚੱਧੀ ਪੀਤੀ। ਇਸੇ ਦਰਮਿਆਨ ਕਿਸੇ ਕੋ਼ਲ ਵੀ ਬਹੁਤਾ ਕੁਝ ਬੋਲਣ ਨੂੰ ਹੈ ਵੀ ਨਹੀਂ ਸੀ। ਸਭ ਸਤਿ ਸ੍ਰੀ ਆਕਾਲ ਬੁਲਾ ਕੇ ਮੂੰਹ ਲਟਕਾਈ ਤੁਰ ਪਈਆਂ, ਰਸਤੇ ਵਿੱਚ ਵੀ ਉਹ ਚੁੱਪ ਹੀ ਰਹੀਆਂ। ਆਪਸ ਵਿੱਚ ਇੱਕ ਦੋ ਅਧਿਆਪਕਾਂ ਨੇ ਤੁਰੇ ਜਾਂਦਿਆਂ ਘੁਸਰ ਮੁਸਰ ਜਿਹੀ ਕੀਤੀ , ਬਾਕੀ ਸਾਰਿਆਂ ਦੇ ਦਿਲ ਵਿੱਚ ਆਪਣੀ ਆਪਣੀ ਸੋਚ ਮੁਤਾਬਕ ਖਿਆਲ ਚੱਲ ਰਹੇ ਹੋਣਗੇ। ਵੈਸੇ ਵੀ ਜਿਸ ਤੇ ਬੀਤਦੀ ਹੈ ਉਸੇ ਨੂੰ ਪਤਾ ਹੁੰਦਾ ਹੈ ਬਾਕੀ ਸਭ ਤਾਂ ਤਮਾਸ਼ਾ ਵੇਖਣ ਵਾਲੇ ਹੁੰਦੇ ਨੇ।

ਅਗਲੇ ਦਿਨ ਸਕੂਲ ਆਏ ਚਪੜਾਸੀ ਨੂੰ ਸਾਰੀਆਂ ਟੀਚਰਾਂ ਘੇਰ ਕੇ ਖੜ੍ਹ ਗਈਆਂ। ਹਰਦੇਵ ਸਿੰਘ ਤੈਨੂੰ ਤਾਂ ਪੱਕਾ ਪਤਾ ਹੋਊ ਅਸਲੀ ਕੀ ਗੱਲ ਹੈ? ਚਪੜਾਸੀ ਕਹਿੰਦਾ , "ਜੀ ਉਸ ਦਿਨ ਉਹ ਢਿੱਡ਼ਲ ਜਿਹਾ ਬੰਦਾ ਸ਼ਾਮ ਨੂੰ ਮੂੰਹ ਨੇਰ੍ਹੇ ਜਿਹੇ ਰਿਕਸ਼ੇ ਵਿੱਚ ਬੈਠ ਕੇ ਆਇਆ ਸੀ ਤੇ ਜਵਾਬ ਦੇ ਕੇ ਚਲੇ ਗਿਆ ਸੀ। ਰਿਕਸ਼ਾ ਵੀ ਆਉਣ ਜਾਣ ਦਾ ਈ ਕੀਤਾ ਹੋਇਆ ਸੀ। ਮੈਡਮ ਜੀ ਦੇ ਘਰੇ ਭੱਠੀਆਂ,ਕਨਾਤਾਂ ਸਭ ਕੁਛ ਆਇਆ ਹੋਇਆ ਸੀ। ਫਿਰ ਓਦਣ ਈ ਰਾਤ ਨੂੰ ਸਭ ਕੁਛ ਚਕਾਤਾ ਜੀ।" ਹਜੇ ਸਾਰੇ ਜੁੱਟ ਬਣਾਈ ਉਸ ਦੀਆਂ ਗੱਲਾਂ ਕਰ ਰਹੇ ਸਨ ਕਿ ਗੁਰਜੀਤ ਆਪਣੀ ਨੌਕਰੀ ਤੇ ਵਾਪਸ ਆ ਗਈ, ਜਿਵੇਂ ਹੀ ਉਹ ਮੂੰਹ ਲਟਕਾਈ ਹੌਲੀ ਹੌਲੀ ਅੰਦਰ ਆਈ ਤਾਂ ਸਾਰੇ ਇੱਕ ਦਮ ਚੁੱਪ ਕਰ ਗਏ। ਗੁਰਜੀਤ ਤੋਂ ਇੱਕ ਮਰਿਆ ਈ ਨਹੀਂ ਜਾ ਰਿਹਾ ਸੀ। ਇਕੱਲੀ ਬੈਠੀ ਅੰਦਰੋਂ ਅੰਦਰ ਗ਼ਰਕ ਰਹੀ ਸੀ। ਪਰ ਮਾਪੇ ਵੀ ਤਾਂ ਉਸ ਦੇ ਸਹਾਰੇ ਹੀ ਸਨ। ਉਹ ਉਹਨਾਂ ਬਾਰੇ ਵੀ ਸੋਚ ਰਹੀ ਸੀ, ਨਹੀਂ ਤਾਂ ਇਹੋ ਜਿਹੀ ਘਟਨਾ ਤੋਂ ਨਿਰਾਸ਼ ਹੋ ਕੇ ਕੋਈ ਵੀ ਕਦਮ ਚੁੱਕਿਆ ਜਾ ਸਕਦਾ ਸੀ।

ਨਰਿੰਦਰ ਮੈਡਮ ਨੂੰ ਇਨਸਾਨੀਅਤ ਦੇ ਨਾਤੇ ਉਸ ਉੱਤੇ ਬਹੁਤ ਤਰਸ ਆ ਰਿਹਾ ਸੀ। ਉਹ ਉਸ ਨੂੰ ਇੱਕ ਪਾਸੇ ਸਕੂਲ ਦੇ ਦਫ਼ਤਰ ਵਾਲੇ ਕਮਰੇ ਵਿੱਚ ਲੈ ਗਈ। ਉਸ ਨੇ ਧਰਵਾਸਾ ਦਿੰਦਿਆਂ ਕਿਹਾ,"ਕੋਈ ਗੱਲ ਨਹੀਂ, ਜ਼ਿੰਦਗੀ ਵਿੱਚ ਉਤਰਾਅ ਚੜ੍ਹਾਅ ਤਾਂ ਆਉਂਦੇ ਰਹਿੰਦੇ ਨੇ,ਕਦੇ ਹਿੰਮਤ ਨਹੀਂ ਹਾਰੀਦੀ। ਗੁਰਜੀਤ,ਜੇ ਤੁਸੀਂ ਮੈਨੂੰ ਆਪਣਾ ਸਮਝਦੇ ਹੋ ਤਾਂ ਆਪਣੀ ਇਸ ਔਖੀ ਘੜੀ ਦਾ ਦਰਦ ਮੇਰੇ ਨਾਲ ਸਾਂਝਾ ਕਰ ਸਕਦੇ ਹੋ।" ਗੁਰਜੀਤ ਇੱਕ ਬੇਬਸ ਅਬਲਾ ਵਾਂਗ ਅੱਖਾਂ ਝੁਕਾਈ ਖੜ੍ਹੀ ਸੀ। ਨਰਿੰਦਰ ਨੇ ਉਸ ਨੂੰ ਹੌਂਸਲਾ ਦਿੰਦੇ ਹੋਏ ਕਿਹਾ ,"ਗੁਰਜੀਤ ਇਹ ਤੁਹਾਡੀ ਜ਼ਿੰਦਗੀ ਦੀ ਇੱਕ ਦੁਖਦਾਈ ਘਟਨਾ ਹੈ,ਇਸ ਵਿੱਚ ਤੁਹਾਡਾ ਤਾਂ ਕੋਈ ਕਸੂਰ ਨਹੀਂ ਹੈ,ਜੋ ਵੀ ਵਾਪਰਿਆ, ਹਕੀਕਤ ਤੁਹਾਨੂੰ ਪਤਾ ਹੈ ਪਰ ਉਸ ਨੂੰ ਭੁਲਾ ਕੇ ਅੱਗੇ ਵਧਣਾ ਹੀ ਜ਼ਿੰਦਗੀ ਹੈ।"ਗੁਰਜੀਤ ਨੇ ਕਿਹਾ,"ਨਹੀਂ ਨਰਿੰਦਰ, ਮੈਂ ਜ਼ਿੰਦਗੀ ਤੋਂ ਹਾਰ ਮੰਨਣ ਵਾਲੀ ਨਹੀਂ,ਇਸੇ ਲਈ ਅੱਜ ਮੈਂ ਸਕੂਲ ਵਿੱਚ ਹਾਜ਼ਰ ਹਾਂ। ਮੈਂ ਹਮੇਸ਼ਾ ਸੱਚ ਦੇ ਰਸਤੇ ਤੇ ਚੱਲਣ ਵਿੱਚ ਵਿਸ਼ਵਾਸ ਰੱਖਦੀ ਹਾਂ, ਕੋਈ ਕੁਝ ਵੀ ਆਖੇ।"ਉਹ ਅੱਗੇ ਬੋਲੀ," ਨਰਿੰਦਰ ਤੁਹਾਨੂੰ ਪਤਾ ਹੈ ਮੇਰੀ ਉਮਰ ਤੁਹਾਡੇ ਜਿੰਨੀ ਹੈ ਤੇ ਤੁਸੀਂ ਦੋ ਬੱਚਿਆਂ ਦੀ ਮਾਂ ਹੋ। ਮੇਰੇ ਮਾਪਿਆਂ ਦੇ ਮੱਦੇਨਜ਼ਰ ਕੋਈ ਰਿਸ਼ਤਾ ਢੰਗ ਦਾ ਨਾ ਮਿਲਣ ਕਰਕੇ ਅਸੀਂ ਅਖ਼ਬਾਰ ਰਾਹੀਂ ਰਿਸ਼ਤਾ ਲੱਭਿਆ ਸੀ। ਹੁਣ ਵਿਆਹ ਤੋਂ ਤਿੰਨ ਦਿਨ ਪਹਿਲਾਂ ਉਹ ਆਪ ਆ ਕੇ ਦੱਸ ਕੇ ਗਿਆ ਕਿ ਉਹ ਤਾਂ ਵਿਆਹਿਆ ਹੋਇਆ ਹੈ ਅਤੇ ਉਸ ਦੇ ਤਿੰਨ ਬੱਚੇ ਹਨ। ਉਸ ਦੀ ਪਤਨੀ ਨੂੰ ਪਤਾ ਲੱਗ ਗਿਆ ਸੀ ਕਿ ਉਹ ਹੋਰ ਵਿਆਹ ਕਰਾਉਣ ਲੱਗਿਆ ਹੈ, ਜਿਸ ਕਰਕੇ ਉਸ ਨੇ ਸਾਰੇ ਰਿਸ਼ਤੇਦਾਰ ਇਕੱਠੇ ਕਰਕੇ ਉਸ ਨੂੰ ਇਹ ਵਿਆਹ ਕਰਨ ਤੋਂ ਰੋਕ ਦਿੱਤਾ। ਉਹ ਆਪ ਆ ਕੇ ਜਵਾਬ ਦੇ ਕੇ ਗਿਆ। ਨਰਿੰਦਰ ਤੁਸੀਂ ਦੱਸੋ ਇਸ ਵਿੱਚ ਸਾਡਾ ਕੀ ਕਸੂਰ ਹੈ?"ਨਰਿੰਦਰ ਨੇ ਹੌਂਸਲਾ ਦਿੰਦੇ ਹੋਏ ਆਖਿਆ,"ਗੁਰਜੀਤ ਤੁਸੀਂ ਤਾਂ ਰੱਬ ਦਾ ਸ਼ੁਕਰ ਮਨਾਓ ਕਿ ਵਿਆਹ ਤੋਂ ਪਹਿਲਾਂ ਹੀ ਸਚਾਈ ਪਤਾ ਚੱਲ ਗਈ। ਬਾਅਦ ਵਿੱਚ ਪਤਾ ਲੱਗਦਾ ਤਾਂ ਤੁਸੀਂ ਕੀ ਕਰ ਲੈਂਦੇ? ਇਸ ਨੂੰ ਤੁਸੀਂ ਰੱਬ ਦਾ ਫੈਸਲਾ ਮੰਨ ਕੇ ਅਗਾਂਹ ਵਧੋ।"

ਇਹ ਘਟਨਾ ਵਾਪਰੀ ਨੂੰ ਛੇ ਮਹੀਨੇ ਹੋ ਗਏ ਸਨ । ਨਰਿੰਦਰ ਦੀ ਰਿਸ਼ਤੇਦਾਰੀ ਵਿੱਚ ਉਚੇ ਅਹੁਦੇ ਤੇ ਲੱਗਿਆ ਚਾ਼ਲੀ ਕੁ ਸਾਲਾਂ ਦਾ ਲੜਕਾ ਸੀ ਕਿ ਦੋ ਕੁ ਮਹੀਨੇ ਪਹਿਲਾਂ ਉਸ ਦੀ ਘਰਵਾਲੀ ਦੀ ਬੱਚੇ ਨੂੰ ਜਨਮ ਦੇਣ ਸਮੇਂ ਮੌਤ ਹੋ ਗਈ ਸੀ ਪਰ ਬੱਚਾ ਠੀਕ ਸੀ। ਉਸ ਨੂੰ ਬੱਚਾ ਪਾਲਣ ਅਤੇ ਨੌਕਰੀ ਕਰਨ ਵਿੱਚ ਬਹੁਤ ਮੁਸ਼ਕਲ ਆ ਰਹੀ ਸੀ। ਨਰਿੰਦਰ ਨੇ ਉਸ ਨਾ਼ਲ ਗੱਲ ਕੀਤੀ ਕਿ ਉਸ ਲਈ ਬੱਚਾ ਪਾਲਣਾ ਅਤੇ ਨੌਕਰੀ ਕਰਨਾ ਬਹੁਤ ਮੁਸ਼ਕਲ ਹੋ ਰਿਹਾ ਹੈ । ਉਸ ਨੇ ਉਸ ਨੂੰ ਦੂਜਾ ਵਿਆਹ ਕਰਨ ਦੀ ਸਲਾਹ ਦਿੱਤੀ ਤਾਂ ਜ਼ੋ ਨਵਜਾਤ ਬੱਚੇ ਦੀ ਪਰਵਰਿਸ਼ ਢੰਗ ਨਾਲ ਹੋ ਸਕੇ। ਗੁਰਜੀਤ ਨਾਲ ਵਿਆਹ ਦੀ ਗੱਲ ਤੋਰੀ ਤਾਂ ਗੁਰਜੀਤ ਅਤੇ ਉਸ ਦੇ ਮਾਪੇ ਵੀ ਮੰਨ ਗਏ। ਉਸ ਨੂੰ ਉਸੇ ਸ਼ਹਿਰ ਵਿੱਚ ਸਰਕਾਰੀ ਕੋਠੀ ਅਤੇ ਨੌਕਰ ਮਿ਼ਲੇ ਹੋਏ ਸਨ। ਸਾਦਾ ਜਿਹਾ ਵਿਆਹ ਕਰਕੇ ਗੁਰਜੀਤ ਨੂੰ ਉਸ ਦੇ ਮਾਪਿਆਂ ਨੇ ਤੋਰ ਦਿੱਤਾ। ਗੁਰਜੀਤ ਨੇ ਬੱਚਾ ਪਾਲਣ ਲਈ ਨੌਕਰੀ ਛੱਡ ਦਿੱਤੀ ਸੀ। ਵੈਸੇ ਵੀ ਘਰ ਵਿੱਚ ਕੋਈ ਕਮੀ ਨਹੀਂ ਸੀ। ਨਾਲ ਨਾਲ ਉਹ ਹਫਤੇ ਵਿੱਚ ਦੋ ਤਿੰਨ ਵਾਰ ਜਾ ਕੇ ਆਪਣੇ ਮਾਪਿਆਂ ਨੂੰ ਦੇਖ ਆਉਂਦੀ। ਜਵਾਈ ਵੀ ਉਹਨਾਂ ਦੀ ਦਵਾਈ ਬੂਟੀ ਜਾਂ ਹੋਰ ਜ਼ਰੂਰਤਾਂ ਦਾ ਧਿਆਨ ਰੱਖਦਾ ਸੀ। ਉਹ ਬਹੁਤ ਖ਼ੁਸ਼ਹਾਲ ਜੀਵਨ ਬਤੀਤ ਕਰਨ ਲੱਗੀ। ਦੋ ਸਾਲ ਬਾਅਦ ਇੱਕ ਬੱਚੇ ਨੂੰ ਉਸ ਨੇ ਆਪਣੀ ਕੁੱਖ ਤੋਂ ਜਨਮ ਦਿੱਤਾ ਸੀ।

ਹੁਣ ਥੋੜੇ ਦਿਨ ਪਹਿਲਾਂ ਹੀ ਗੁਰਜੀਤ ਅਤੇ ਉਸ ਦਾ ਪਤੀ ਨਰਿੰਦਰ ਨੂੰ ਮਿਲਣ ਆਏ ਸਨ। ਉਹਨਾਂ ਦੇ ਦੋਵੇਂ ਬੱਚੇ ਵਿਦੇਸ਼ ਵਿੱਚ ਪੜ੍ਹ ਕੇ ਨੌਕਰੀਆਂ ਕਰਨ ਲੱਗ ਪਏ ਸਨ। ਗੁਰਜੀਤ ਦੇ ਮਾਤਾ ਪਿਤਾ ਬਹੁਤ ਬਜ਼ੁਰਗ ਹੋਣ ਕਰਕੇ ਇਹ ਉਹਨਾਂ ਨੂੰ ਆਪਣੇ ਕੋਲ ਲੈ ਆਏ ਸਨ। ਗੁਰਜੀਤ ਦੋ ਵਾਰ ਵਿਦੇਸ਼ ਜਾ ਕੇ ਆਪਣੇ ਬੱਚਿਆਂ ਨੂੰ ਮਿਲ ਆਈ ਸੀ। ਨਰਿੰਦਰ ਉਸ ਦਾ ਖ਼ੁਸ਼ਹਾਲ ਜੀਵਨ ਦੇਖ ਕੇ ਸੋਚ ਰਹੀ ਸੀ ਕਿ ਰੱਬ ਦਾ ਫੈਸਲਾ ਹਮੇਸ਼ਾ ਫਲਦਾਇਕ ਹੁੰਦਾ ਹੈ।




Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence
you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

WE HAVE THE CHEAPEST FARES TO INDIA

# LEGEND TRAVEL



arc accredited agency

CST # 207524-40

Special Fares To India From West-coast (us) On Air India Direct Flights




JATINDER SINGH

## LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

## (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA


JK TYRE INC
JK TYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
STEER TIRE
295/75R22.5
With Installation
Singh: 510-766-9382
Firestone FS591
SPECIAL OFFER !!
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
Feel the difference
BARKLEY
PIRELLI
MICHELIN
A better way forward
BRIDGESTONE
Firestone
YOKOHAMA
PEARLY
NAMA
TOYO TIRES
driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205

# ਨੰਨੇ-ਮੁੰਨੇ ਬੱਚੇ

ਨੰਨੇ-ਮੁੰਨੇ ਬੱਚੇ ਅਸੀਂ,
ਫੁੱਲਾਂ ਵਰਗੇ ਸੱਚੇ ਅਸੀਂ।
ਹੱਸਦੇ-ਖੇਡਦੇ ਸਕੂਲੇ ਜਾਈਏ,
ਰਲ-ਮਿਲ ਕੇ ਖੁਸ਼ੀਆਂ ਮਨਾਈਏ।
ਹੱਥਾਂ ਵਿੱਚ ਕਿਤਾਬਾਂ ਸਾਡੇ,
ਪਿਆਰੇ-ਪਿਆਰੇ ਬੋਲ ਸਾਡੇ।
ਮਾਂ-ਬਾਪ ਦੇ ਲਾਡਲੇ ਅਸੀਂ,
ਸਭ ਦੇ ਮਨ ਨੂੰ ਭਾਉਂਦੇ ਅਸੀਂ।
ਛੋਟੇ-ਛੋਟੇ ਕਦਮ ਸਾਡੇ,
ਉੱਚੇ-ਉੱਚੇ ਸੁਪਨੇ ਸਾਡੇ।
ਝੂਠ ਕਦੇ ਨਾ ਬੋਲਾਂਗੇ,
ਮਿੱਠੇ ਬੋਲ ਹੀ ਬੋਲਾਂਗੇ।
ਹੱਸਦੇ-ਖੇਡਦੇ ਪੜ੍ਹਾਂਗੇ,
ਇੱਕ ਦਿਨ ਵੱਡੇ ਬਣਾਂਗੇ।

SANJHI SOCH
ਸੁਖਵਿੰਦਰ ਸਿੰਘ
ਹੈਡ ਟੀਚਰ
ਸਰਕਾਰੀ ਐਲੀਮੈਂਟਰੀ ਸਕੂਲ
ਕਾਲਾ ਬਲਾਕ ਵੇਰਕਾ (ਅੰਮ੍ਰਿਤਸਰ)



# ਬਿਆਸ ਪੇਂਡੂ ਫੁੱਟਬਾਲ ਲੀਗ 2026 ਦਾ ਉਦਘਾਟਨੀ ਮੈਚ ਕਰਵਾਇਆ



ਅੱਜ ਬਿਆਸ ਫੁੱਟਬਾਲ ਗਰਾਂਊਂਡ ਵਿੱਚ ਪੇਂਡੂ ਫੁੱਟਬਾਲ ਲੀਗ 2026 ਦਾ ਉਦਘਾਟਨੀ ਮੈਚ ਕਰਵਾਇਆ ਗਿਆ। ਇਸ ਲੀਗ ਦੇ ਵਿੱਚ 32 ਟੀਮਾਂ ਹਿੱਸਾ ਲੈ ਰਹੀਆਂ ਹਨ। ਇਹ ਲੀਗ ਅੰਮ੍ਰਿਤਸਰ ਫੁੱਟਬਾਲ ਕਮੇਟੀ ਵੱਲੋਂ ਕਰਵਾਈ ਜਾਂਦੀ ਹੈ ਜਿਸ ਦਾ ਉਦਘਾਟਨ ਅੱਜ ਬਿਆਸ ਗਰਾਊਂਡ ਵਿੱਚ ਸੰਜੀਵ ਭੰਡਾਰੀ ਪ੍ਰਧਾਨ ਨਗਰ ਪੰਚਾਇਤ ਰਈਆ, ਡਾਕਟਰ ਰਜਿੰਦਰ ਰਿਖੀ ਕੌਂਸਲਰ, ਸੂਬੇਦਾਰ ਸਰਬਜੀਤ ਸਿੰਘ ਮੀਤ ਪ੍ਰਧਾਨ ਨਗਰ ਪੰਚਾਇਤ ਰਈਆ, ਸਰਬਜੀਤ ਸਿੰਘ ਮਾਨ ਅਤੇ ਨੌਜਵਾਨ ਐਡਵੋਕੇਟ ਕਾਰਤਿਕ ਰਿਖੀ ਸਮੇਤ ਹੋਰਨਾਂ ਸਾਥੀਆਂ ਵੱਲੋਂ ਮੈਚ ਦਾ ਉਦਘਾਟਨ ਕੀਤਾ ਗਿਆ। ਸੰਜੀਵ ਭੰਡਾਰੀ ਨੇ ਰਿਬਨ ਕੱਟ ਕੇ ਉਦਘਾਟਨੀ ਮੈਚ ਦੀ ਸ਼ੁਰੂਆਤ ਕੀਤੀ।ਇਸ ਟੂਰਨਾਮੈਂਟ ਵਿੱਚ ਬਿਆਸ ਦੇ ਸਾਰੇ ਸੀਨੀਅਰ ਖਿਡਾਰੀ ਮੌਜੂਦ ਸਨ। ਇਸ ਸਬੰਧੀ ਸੁਖਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਫੁੱਟਬਾਲ ਲੀਗ ਦੇ ਮੈਚ ਹਰ ਪਿੰਡ ਵਿੱਚ ਕਰਵਾਏ ਜਾਣਗੇ। ਇਹ ਲੀਗ ਘੱਟ-ਘੱਟ ਦੋ ਮਹੀਨੇ ਲਗਾਤਾਰ ਚੱਲਣੀ ਹੈ।ਅੱਜ ਬਿਆਸ ਗਰਾਉਂਡ ਵਿੱਚ ਬੱਚਿਆਂ ਦਾ ਸ਼ੋਅ ਮੈਚ ਅਤੇ ਲੀਗ ਦੇ ਦੋ ਮੈਚ ਕਰਵਾਏ ਗਏ। ਜਿਸ ਵਿੱਚ ਪਹਿਲਾ ਮੈਚ ਭੋਏਵਾਲ ਅਤੇ ਮਾਨ ਪਿੰਡ ਵਿੱਚਕਾਰ ਹੋਇਆ। ਦੂਜਾ ਮੈਚ ਬਿਆਸ ਅਤੇ ਟਾਂਗਰਾ ਵਿਚਾਲੇ ਹੋਇਆ ਪਹਿਲਾ ਮੈਚ ਭੋਏਵਾਲ ਨੇ ਦੋ ਏਕ ਨਾਲ ਜਿੱਤਿਆ ਤੇ ਦੂਜਾ ਮੈਚ ਬਿਆਸ ਟੀਮ ਨੇ ਤਿੰਨ ਇੱਕ ਨਾਲ ਜਿੱਤਿਆ ਇਸ ਮੌਕੇ ਗਰਾਊਂਡ ਵਿੱਚ ਸੀਨੀਅਰ ਖਿਡਾਰੀ ਸੁਖਦੇਵ ਸਿੰਘ ਬਿਆਸ, ਨਵਤੇਜ ਸੋਨੀ, ਗੁਰਸ਼ਰਨ ਸਿੰਘ ਬੌਬੀ ਗੁਰਪ੍ਰੀਤ ਬੱਬਲੂ, ਜਤਿੰਦਰ ਕਾਲੂ, ਸਾਬੀ ਢਿੱਲੋ, ਸੰਦੀਪ ਸਿੰਘ ਵਿਰਦੀ, ਮਾਨ ਸਿੰਘ ਨਵਕਿਰਨ ਹੈਪੀ ਕੋਚ, ਜੋਤੀ ਢਿੱਲੋ, ਲਵ ਬਿਆਸ, ਸੌਖੀ ਲੱਕੀ, ਸ਼ਰਨ, ਨੂਰ, ਗਗਨ, ਜੋਤੀ ਕਮਲੀ ਬਿੱਲਾ, ਸੁਖਦੇਵ ਸਿੰਘ ਬਾਬਾ ਅਤੇ ਹੋਰ ਖਿਡਾਰੀ ਵੀ ਮੌਜੂਦ ਸਨ। ਸਾਰੇ ਖਿਡਾਰੀਆਂ ਨੇ ਗਰਾਊਂਡ ਵਿੱਚ ਬਹੁਤ ਹੀ ਤਹਿ ਦਿਲੋਂ ਸੇਵਾ ਕੀਤੀ ਅਤੇ ਸੁਖਦੇਵ ਸਿੰਘ ਨੇ ਜਿੰਨੇ ਵੀ ਅੰਮ੍ਰਿਤਸਰ ਕਮੇਟੀ ਦੇ ਮੈਂਬਰ ਆਏ ਅਤੇ ਜੋ ਮੁੱਖ ਮਹਿਮਾਨ ਆਏ ਉਹਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਦੂਜੇ ਮੈਚ ਵਿੱਚ ਸਾਡੇ ਬਾਸਕਟ ਬਾਲ ਦੇ ਓਲੰਪੀਅਨ ਪੀਐਸ ਤੇਜਾ ਨੇ ਵੀ ਬੱਚਿਆਂ ਦਾ ਹੌਸਲਾ ਵਧਾਇਆ।

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

GHUMAN LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

Gillson TRUCKING INC

# NOW HIRING
## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking | company/gillsontrucking | www.teamgillson.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse,
DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




SERVPRO®
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702